ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 20 Issue 37 | Friday July 6 to July 13, 2023 | Published Weekly from New York | www.PUNJABIDUNIYA.com




## ਆਈਲੈਟਸ ਅਤੇ ਇਮੀਗ੍ਰੇਸ਼ਨਾਂ ਸੈਂਟਰਾਂ 'ਤੇ ਪੁਲਸ ਦੀ ਵੱਡੇ ਪੱਧਰ 'ਤੇ ਛਾਪੇਮਾਰੀ, ਪਈਆਂ ਭਾਜੜਾਂ




ਜਲੰਧਰ- ਪੰਜਾਬ ਅੰਦਰ ਜਲੰਧਰ ਦੇ ਇਕ ਇਮੀਗ੍ਰੇਸ਼ਨ ਸੈਂਟਰ ਵੱਲੋਂ ਵਿਦੇਸ਼ ਭੇਜੇ ਸੈਂਕੜੇ ਵਿਦਿਆਰਥੀਆਂ ਨਾਲ ਕੀਤੀ ਧੋਖਾਧੜੀ ਨੂੰ ਸਖਤ ਲਹਿਜ਼ੇ 'ਚ ਲੈਂਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਗੈਰ ਕਾਨੂੰਨੀ ਢੰਗ ਨਾਲ ਚੱਲ ਰਹੇ ਆਈਲੈਟਸ ਅਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਜਾਂਚ ਪੜਤਾਲ ਦੇ ਦਿੱਤੇ ਸਖਤ ਹੁਕਮਾਂ ਤਹਿਤ ਜ਼ਿਲ੍ਹਾ ਡਿਪਟੀ ਕਮਿਸ਼ਨਰ ਮੋਗਾ ਵੱਲੋਂ ਨਿਹਾਲ ਸਿੰਘ ਵਾਲਾ ਦੇ ਐੱਸ. ਡੀ. ਐੱਮ. ਦੀ ਅਗਵਾਈ ਹੇਠ ਬਣਾਈ ਪ੍ਰਸ਼ਾਸਨ ਦੀ ਟੀਮ ਵੱਲੋਂ ਮੰਡੀ ਨਿਹਾਲ ਸਿੰਘ ਅੰਦਰ ਖੁੱਲੇ ਆਈਲੈਟਸ ਅਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਅਨੇਕਾਂ ਸੈਂਟਰ ਚਾਲਕ ਵਿਦਿਆਰਥੀਆਂ ਨੂੰ ਧੱਕੇ ਨਾਲ ਬਾਹਰ ਕੱਢ ਕੇ ਸੈਂਟਰਾਂ ਨੂੰ ਜਿੰਦਰੇ ਲਗਾ ਕੇ ਫਰਾਰ ਹੋ ਗਏ। ਇਸ ਮੌਕੇ ਤਹਿਸੀਲਦਾਰ ਗੁਰਮੁਖ ਸਿੰਘ, ਡੀ. ਐੱਸ. ਪੀ. ਮਨਜੀਤ ਸਿੰਘ ਢੇਸੀ, ਥਾਣਾ ਮੁੱਖ ਅਰਸ਼ਪ੍ਰੀਤ ਕੌਰ ਗਰੇਵਾਲ, ਬਾਕੀ ਸਫ਼ਾ 31 'ਤੇ

## ਖਾਲਿਸਤਾਨ ਸਮਰਥਕਾਂ ਦੀ ਰੈਲੀ ਤੋਂ ਪਹਿਲਾਂ ਭਾਰਤ ਦਾ ਸਖਤ ਰੁਖ

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਵੀਰਵਾਰ ਸਾਮ ਨੂੰ ਕੈਨੇਡਾ 'ਚ ਭਾਰਤੀ ਡਿਪਲੋਮੈਟਾਂ ਖਿਲਾਫ ਹਿੰਸਾ ਦੀ ਮੰਗ ਵਾਲੇ ਖਾਲਿਸਤਾਨੀ ਪੋਸਟਰਾਂ 'ਤੇ ਇਤਰਾਜ ਦਰਜ ਕਰਵਾਇਆ ਹੈ।

ਸਮਾਚਾਰ ਏਜੰਸੀ ਪੀਟੀਆਈ ਦੀ ਮੁਤਾਬਕ ਅਰਿੰਦਮ ਬਾਗਚੀ ਨੇ ਕਿਹਾ ਹੈ ਕਿ ਪ੍ਰਗਟਾਵੇ ਦੀ ਆਜਾਦੀ ਦੇ ਨਾਂ 'ਤੇ ਕੱਟੜਪੰਥੀ ਅਤੇ ਅੱਤਵਾਦੀ ਤੱਤਾਂ ਨੂੰ ਵਧਣ-ਫੁੱਲਣ ਦੀ ਇਜਾਜਤ ਨਹੀਂ ਦਿੱਤੀ ਜਾਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਡਿਪਲੋਮੈਟਾਂ ਦੀ ਸੁਰੱਖਿਆ ਅਤੇ ਦੂਤਾਵਾਸਾਂ ਦੀ ਸੁਰੱਖਿਆ ਭਾਰਤ ਸਰਕਾਰ ਲਈ ਬਹੁਤ ਅਹਿਮ ਹੈ।

ਇਸ ਮੁੱਦੇ 'ਤੇ ਵਿਦੇਸ ਮੰਤਰੀ ਐਸ ਜੈਸੰਕਰ ਨੇ ਸੋਮਵਾਰ ਨੂੰ ਪੱਤਰਕਾਰਾਂ ਨੂੰ ਕਿਹਾ, "ਅਸੀਂ ਯਕੀਨੀ ਤੌਰ 'ਤੇ ਇਸ (ਪੋਸਟਰ) ਦਾ ਮੁੱਦਾ ਉਠਾਵਾਂਗੇ, ਇਹ (ਪੋਸਟਰ) ਕੱਲ੍ਹ ਹੀ ਸਾਹਮਣੇ ਆਇਆ ਸੀ, ਹੋ ਸਕਦਾ ਹੈ ਕਿ ਹੁਣ ਤੱਕ ਵੀ ਦਿੱਤਾ ਗਿਆ ਹੈ)। ਬਾਕੀ ਸਫ਼ਾ 07 'ਤੇ




## ਗੁਰਪਤਵੰਤ ਪੰਨੂੰ ਦੀ ਮੌਤ ਦੀਆਂ ਖ਼ਬਰਾਂ ਦਾ ਸੁੱਖੀ ਚਾਹਲ ਨੇ ਕੀਤਾ ਖੰਡਨ



ਚੰਡੀਗੜ੍ਹ-ਸੋਸ਼ਲ ਮੀਡੀਆ 'ਤੇ ਸਿੱਖਸ ਫ਼ਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੀ ਸੜਕ ਹਾਦਸੇ 'ਚ ਮੌਤ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਸਨ। ਹਾਲਾਂਕਿ ਇਨ੍ਹਾਂ ਖ਼ਬਰਾਂ ਦੀ ਕੋਈ ਪੁਸ਼ਟੀ ਨਹੀਂ ਸੀ ਹੋ ਸਕੀ। ਇਸ ਵਿਚਾਲੇ ਹੁਣ 'ਦਿ ਖ਼ਾਲਸਾ ਟੂਡੇ' ਦੇ ਮੁੱਖ ਸੰਪਾਦਕ ਸੁੱਖੀ ਚਾਹਲ ਦਾ ਟਵੀਟ ਸਾਹਮਣੇ ਆਇਆ ਹੈ। ਉਨ੍ਹਾਂ ਨੇ ਗੁਰਪਤਵੰਤ ਸਿੰਘ ਪੰਨੂੰ ਦੀ ਮੌਤ ਦੀਆਂ ਖ਼ਬਰਾਂ ਦਾ ਖੰਡਨ ਕੀਤਾ ਹੈ। ਸੁੱਖੀ ਚਾਹਲ ਨੇ ਟਵੀਟ ਕਰਦਿਆਂ ਲਿਖਿਆ, 'ਕੈਲੀਫੋਰਨੀਆ ਵਿਚ ਮੇਰੇ ਗੁਆਂਢ ਵਿਚ ਕਥਿਤ ਕਾਰ ਹਾਦਸੇ ਅਤੇ SFJ ਗੁਰਪਤਵੰਤ ਸਿੰਘ ਪੰਨੂ ਦੀ ਮੌਤ ਬਾਰੇ ਖ਼ਬਰਾਂ ਦੇ ਸਬੰਧ ਵਿਚ, ਮੈਂ ਜ਼ੋਰ ਦੇ ਕੇ ਕਹਿਣਾ ਚਾਹਾਂਗਾ ਕਿ ਇਹ ਜਾਣਕਾਰੀ ਜਾਅਲੀ ਅਤੇ ਝੂਠੀ ਹੈ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਗਲਤ ਜਾਣਕਾਰੀ ਨੂੰ ਫੈਲਾਉਣ ਤੋਂ ਗੁਰੇਜ਼ ਕਰਨ।'

## ਯੂਨੀਫਾਰਮ ਸਿਵਲ ਕੋਡ: ਮੁਸਲਿਮ ਪਰਸਨਲ ਲਾਅ ਦੇ ਹਵਾਲੇ ਨਾਲ ਸਮਰਥਨ ਅਤੇ ਵਿਰੋਧ 'ਚ ਦਲੀਲਾਂ

ਅਮਰੀਕਾ ਦੇ ਦੌਰੇ ਤੋਂ ਪਰਤਣ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਭਰ 'ਚ ਯੂਨੀਫਾਰਮ ਸਿਵਲ ਕੋਡ (ਯੂਸੀਸੀ) ਨੂੰ ਲਾਗੂ ਕਰਨ ਦੀ ਜ਼ੋਰਦਾਰ ਵਕਾਲਤ ਸ਼ੁਰੂ ਕਰ ਦਿੱਤੀ ਹੈ।

ਵਿਰੋਧੀ ਧਿਰਾਂ ਵੱਲੋਂ ਪ੍ਰਤੀਕਿਰਿਆਵਾਂ ਵੀ ਆਉਣ ਲੱਗ ਪਈਆਂ ਹਨ ਅਤੇ ਹੁਣ ਇੱਕ ਵਾਰ ਫਿਰ ਇਹ ਦੇਸ਼ ਭਰ 'ਚ ਚਰਚਾ ਦਾ ਮੁੱਦਾ ਬਣ ਗਿਆ ਹੈ।

ਯੂਸੀਸੀ ਨੂੰ ਲਿਆਉਣ ਦੇ ਲਈ ਭਾਜਪਾ 'ਇਕ ਦੇਸ਼, ਇਕ ਕਾਨੂੰਨ' ਦਾ ਨਾਅਰਾ ਦੇ ਰਹੀ ਹੈ, ਜਿਸ ਕਰਕੇ ਮੁਸਲਿਮ ਭਾਈਚਾਰਾ ਪਰਸਨਲ ਲਾਅ ਨੂੰ ਲੈ ਕੇ ਗੰਭੀਰ ਚਿੰਤਾ 'ਚ ਹੈ।

ਭਾਈਚਾਰੇ ਦੇ ਅੰਦਰ ਯੂਸੀਸੀ ਦਾ ਵਿਰੋਧ ਕਰਨ ਲਈ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ।

ਵ੍ਹਟਸਐਪ ਗਰੁੱਪ ਅਤੇ ਸੋਸ਼ਲ ਮੀਡੀਆ ਜ਼ਰੀਏ ਕਿਹਾ ਜਾ ਰਿਹਾ ਹੈ ਕਿ ਲੋਕ ਜਲਦ ਤੋਂ ਜਲਦ ਆਪਣੀ ਰਾਇ ਲਾਅ/ਕਾਨੂੰਨ ਕਮਿਸ਼ਨ ਕੋਲ ਭੇਜਣ।

ਜੂਨ ਦੇ ਅੱਧ 'ਚ 22ਵੇਂ ਲਾਅ ਕਮਿਸ਼ਨ ਨੇ ਲੋਕਾਂ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਯੂਸੀਸੀ ਬਾਰੇ ਰਾਏ ਮੰਗੀ ਹੈ।

ਕਮਿਸ਼ਨ ਇਸ ਮਹੀਨੇ ਦੇ ਅੱਧ ਤੱਕ ਆਪਣੀ ਰਿਪੋਰਟ ਜਾਰੀ ਕਰ ਸਕਦਾ ਹੈ, ਜਿਸ 'ਚ ਲੋਕਾਂ ਦੀ ਰਾਇ ਦੇ ਆਧਾਰ 'ਤੇ ਯੂਸੀਸੀ ਨੂੰ ਲਾਗੂ ਕਰਨ ਜਾਂ ਫਿਰ ਨਾ ਕਰਨ ਦੀ ਸਲਾਹ ਦਿੱਤੀ ਜਾਵੇਗੀ।



ਇਸ ਤੋਂ ਪਹਿਲਾਂ 21ਵੇਂ ਲਾਅ ਕਮਿਸ਼ਨ ਨੇ ਕਿਹਾ ਸੀ, "ਯੂਨੀਫਾਰਮ ਸਿਵਲ ਕੋਡ ਗੈਰ-ਜ਼ਰੂਰੀ ਹੈ।"

**ਮੁਸਲਿਮ ਪਰਸਨਲ ਲਾਅ ਦਾ ਲੰਮਾ ਇਤਿਹਾਸ**

ਯੂਸੀਸੀ ਦਾ ਵਿਰੋਧ ਕਈ ਭਾਈਚਾਰੇ ਦੇ ਲੋਕਾਂ ਵੱਲੋਂ ਕੀਤਾ ਜਾ ਰਿਹਾ ਹੈ, ਜਿੰਨ੍ਹਾਂ 'ਚ ਮੁਸਲਮਾਨ ਸਭ ਤੋਂ ਵੱਡਾ ਘੱਟ ਗਿਣਤੀ ਭਾਈਚਾਰਾ ਹੈ।

ਉਨ੍ਹਾਂ ਨੂੰ ਡਰ ਹੈ ਕਿ ਭਾਈਚਾਰੇ ਦੇ ਸ਼ਰੀਆ 'ਤੇ ਆਧਾਰਤ ਮੁਸਲਿਮ ਪਰਸਨਲ ਲਾਅ ਨੂੰ ਖ਼ਤਮ ਕਰ ਦਿੱਤਾ ਜਾਵੇਗਾ।

ਮੁਸਲਿਮ ਪਰਸਨਲ ਲਾਅ ਕਈ ਸਾਲਾਂ ਤੋਂ ਵਿਵਾਦਾਂ ਦੇ ਘੇਰੇ 'ਚ ਹੈ, ਪਰ ਮੁਸਲਿਮ ਧਾਰਮਿਕ ਗੁਰੂਆਂ ਦਾ ਕਹਿਣਾ ਹੈ ਕਿ ਮੁਸਲਿਮ ਪਰਸਨਲ ਲਾਅ ਬਾਰੇ ਲੋਕਾਂ 'ਚ ਜੋ ਗਲਤ ਧਾਰਨਾਵਾਂ ਹਨ ,ਉਹ ਜਾਣਕਾਰੀ ਦੀ ਘਾਟ ਕਰਕੇ ਹਨ।

**ਸ਼ੁਰੂਆਤੀ ਇਸਲਾਮੀ ਕਾਲ** ( **7ਵੀਂ-12ਵੀਂ ਸਦੀ** )

ਭਾਰਤ 'ਚ ਇਸਲਾਮ 7ਵੀਂ ਸਦੀ 'ਚ ਆਇਆ ਸੀ ਅਤੇ ਇਸ ਨੂੰ ਮੰਨਣ ਵਾਲਿਆਂ ਨੇ ਕੁਰਾਨ ਅਤੇ ਹਦੀਸ (ਪੈਗੰਬਰ ਮੁਹੰਮਦ ਦੀਆਂ ਗੱਲਾਂ ਅਤੇ ਅਭਿਆਸਾਂ) 'ਚ ਦਰਸਾਏ ਇਸਲਾਮੀ ਕਾਨੂੰਨ ਦੀ ਪਾਲਣਾ ਕੀਤੀ ਸੀ।

ਭਾਰਤ 'ਚ ਮੁਸਲਿਮ ਭਾਈਚਾਰਾ ਮੁੱਖ ਤੌਰ 'ਤੇ ਸਥਾਨਕ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ 'ਤੇ ਨਿਰਭਰ ਕਰਦਾ ਸੀ।

ਜਦਕਿ ਉਨ੍ਹਾਂ ਨੇ ਆਪਣੇ ਨਿੱਜੀ ਮਾਮਲਿਆਂ, ਜਿਵੇਂ ਕਿ ਵਿਆਹ, ਤਲਾਕ, ਵਿਰਾਸਤ ਅਤੇ ਪਰਿਵਾਰਕ ਵਿਵਾਦਾਂ 'ਚ ਇਸਲਾਮੀ ਕਾਨੂੰਨੀ ਸਿਧਾਂਤਾਂ ਦੀ ਹੀ ਮਦਦ ਲਈ।

ਮੁਸਲਿਮ ਪਰਸਨਲ ਲਾਅ ਇਸਲਾਮੀ ਸਿਧਾਂਤਾਂ 'ਤੇ ਅਧਾਰਤ ਇੱਕ ਵੱਖਰੀ ਕਾਨੂੰਨੀ ਪ੍ਰਣਾਲੀ ਵੱਜੋਂ ਉਭਰਿਆ।

**ਦਿੱਲੀ ਸਲਤਨਤ** ( **13ਵੀਂ-16ਵੀਂ ਸਦੀ** )

13ਵੀਂ ਸਦੀ ਦੌਰਾਨ ਭਾਰਤ ਦੇ ਉੱਤਰੀ ਭਾਗ 'ਚ ਮੁਸਲਿਮ ਰਾਜ ਦਾ ਆਗਾਜ਼ ਹੋਇਆ ਗਿਆ ਸੀ।

ਦਿੱਲੀ ਸਲਤਨਤ ਨੇ ਇਸਲਾਮੀ ਕਾਨੂੰਨ ਤੋਂ ਪ੍ਰਭਾਵਿਤ ਇੱਕ ਪ੍ਰਣਾਲੀ ਦੀ ਸ਼ੁਰੂਆਤ ਕਰ ਦਿੱਤੀ ਸੀ।

ਇਸਲਾਮੀ ਸਿਧਾਂਤਾਂ ਦੇ ਅਧਾਰ 'ਤੇ ਨਿਆਂ ਦੇਣ ਲਈ ਕਾਜ਼ੀ (ਇਸਲਾਮੀ ਜੱਜ) ਦੀ ਨਿਯੁਕਤੀ ਕੀਤੀ ਜਾਣ ਲੱਗੀ ਸੀ।

ਮੁਸਲਿਮ ਪਰਸਨਲ ਲਾਅ ਦਾ ਵਿਕਾਸ ਲਗਾਤਾਰ ਜਾਰੀ ਰਿਹਾ, ਜਿਸ ਦਾ ਅਧਾਰ ਇਸਲਾਮੀ ਨਿਆਂ-ਸ਼ਾਸਤਰੀਆਂ ਅਤੇ ਵਿਦਵਾਨਾਂ ਦੀ ਵਿਆਖਿਆ ਸਨ, ਜਿਵੇਂ ਕਿ ਹਨਫ਼ੀ ਸਕੂਲ ਆਫ਼ ਲਾਅ, ਜੋ ਕਿ ਭਾਰਤ 'ਚ ਪ੍ਰਮੁੱਖ ਬਣ ਗਿਆ ਸੀ।

The South Asian INSIDER



# ਅਮਰੀਕਾ ਨੇ ਨਾਗਰਿਕਾਂ ਨੂੰ ਜਾਰੀ ਕੀਤੀ ਚੇਤਾਵਨੀ: ਚੀਨ ਦੀ ਯਾਤਰਾ ਤੋਂ ਪਹਿਲਾਂ ਸੋਚੋ



ਬੀਜਿੰਗ- ਮਨਮਰਜ਼ੀ ਵਾਲੇ ਤਰੀਕੇ ਨਾਲ ਕਾਨੂੰਨ ਲਾਗੂ ਕਰਨ, ਨਿਕਾਸ ਪਾਬੰਦੀਆਂ ਅਤੇ ਗ਼ਲਤ ਤਰੀਕੇ ਨਾਲ ਹਿਰਾਸਤ 'ਚ ਲੈਣ ਦੇ ਜੋਖਮ ਦੇ ਮੱਦੇਨਜ਼ਰ ਅਮਰੀਕਾ ਨੇ ਅਪਣੇ ਨਾਗਰਿਕਾਂ ਨੂੰ ਚੀਨ ਦੀ ਯਾਤਰਾ 'ਤੇ ਮੁੜਵਿਚਾਰ ਕਰਨ ਦੀ ਸਲਾਹ ਜਾਰੀ ਕੀਤੀ ਹੈ।ਕਿਸੇ ਖ਼ਾਸ ਮਾਮਲੇ ਦਾ ਹਵਾਲਾ ਤਾਂ ਨਹੀਂ ਦਿੱਤਾ ਗਿਆ ਪਰ ਇਹ ਸਲਾਹ ਮਈ 'ਚ ਜਾਸੂਸੀ ਦੇ ਦੋਸ਼ 'ਚ 78 ਸਾਲਾਂ ਦੇ ਅਮਰੀਕੀ ਨਾਗਰਿਕ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਆਈ ਹੈ।ਇਹ ਪਿਛਲੇ ਹਫਤੇ (ਚੀਨ ਦੇ) ਵਿਆਪਕ ਵਿਦੇਸ਼ੀ ਸਬੰਧ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਆਇਆ ਹੈ ਜੋ ਚੀਨ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਵਿਰੁਧ ਜਵਾਬੀ ਕਦਮ ਚੁੱਕਣ ਦੀ ਧਮਕੀ ਦਿੰਦਾ ਹੈ। ਚੀਨ ਨੇ ਪਿੱਛੇ ਜਿਹੇ ਵਿਆਪਕ ਰੂਪ 'ਚ ਲਿਖਤੀ ਜਾਸੂਸੀ ਰੋਕੂ ਇਕ ਕਾਨੂੰਨ ਵੀ ਪਾਸ ਕੀਤਾ ਹੈ ਜਿਸ ਤਹਿਤ ਦਫ਼ਤਰਾਂ 'ਤੇ ਛਾਪੇ ਮਾਰੇ ਗਏ ਹਨ। ਇਸ ਨਾਲ ਵਿਦੇਸ਼ੀ ਵਪਾਰ ਭਾਈਚਾਰੇ 'ਚ ਤਰਥੱਲੀ ਮਚੀ ਹੋਈ ਹੈ ਇਸ ਦੇ ਨਾਲ ਹੀ ਵਿਦੇਸ਼ੀ ਆਲੋਚਕਾਂ 'ਤੇ ਪਾਬੰਦੀ ਲਾਉਣ ਲਈ ਇਕ ਕਾਨੂੰਨ ਵੀ ਬਣਾਇਆ ਗਿਆ ਹੈ।ਅਮਰੀਕੀ ਸਲਾਹ 'ਚ ਕਿਹਾ ਗਿਆ ਹੈ, "ਪੀਪਲਜ਼ ਰਿਪਬਲਿਕ ਆਫ਼ ਚਾਈਨਾ (ਪੀ.ਆਰ.ਸੀ.) ਸਰਕਾਰ ਕਾਨੂੰਨ ਹੇਠ ਨਿਰਪੱਖ ਅਤੇ ਪਾਰਦਰਸ਼ੀ ਪ੍ਰਕਿਰਿਆ ਤੋਂ ਬਗ਼ੈਰ, ਮਨਮਰਜ਼ੀ ਵਾਲੇ ਤਰੀਕੇ ਨਾਲ ਸਥਾਨਕ ਕਾਨੂੰਨਾਂ ਨੂੰ ਲਾਗੂ ਕਰਦੀ ਹੈ, ਜਿਸ 'ਚ ਅਮਰੀਕੀ ਨਾਗਰਿਕਾਂ ਅਤੇ ਹੋਰ ਦੇਸ਼ਾਂ ਦੇ ਨਾਗਰਿਕਾਂ 'ਤੇ ਨਿਕਾਸ ਪਾਬੰਦੀਆਂ ਜਾਰੀ ਕਰਨਾ ਸ਼ਾਮਲ ਹੈ।"ਸਲਾਹ 'ਚ ਕਿਹਾ ਗਿਆ ਹੈ, "ਪੀ.ਆਰ.ਸੀ. 'ਚ ਸਫ਼ਰ ਕਰਨ ਵਾਲੇ ਜਾਂ ਰਹਿਣ ਵਾਲੇ ਅਮਰੀਕੀ ਨਾਗਰਿਕਾਂ ਨੂੰ ਅਮਰੀਕੀ ਸਫ਼ਾਰਤਖ਼ਾਨਾ ਸੇਵਾਵਾਂ ਤਕ ਪਹੁੰਚ ਤੋਂ ਬਗ਼ੈਰ ਜਾਂ ਉਨ੍ਹਾਂ ਦੇ ਕਥਿਤ ਅਪਰਾਧ ਬਾਰੇ ਜਾਣਕਾਰੀ ਤੋਂ ਬਗ਼ੈਰ ਹਿਰਾਸਤ 'ਚ ਲਿਆ ਜਾ ਸਕਦਾ ਹੈ।

# ਜਾਪਾਨ 'ਚ ਭਾਰੀ ਬਾਰਿਸ਼ ਦੀ ਚੇਤਾਵਨੀ, 360000 ਲੋਕਾਂ ਨੂੰ ਕੱਢਿਆ



ਕੁਮਾਮੋਟੋ: ਜਾਪਾਨ ਦੇ ਕੁਮਾਮੋਟੋ ਵਿੱਚ ਭਾਰੀ ਮੀਂਹ ਮਗਰੋਂ ਹੜ੍ਹ ਅਤੇ ਜ਼ਮੀਨ ਖਿਸਕਣ ਦੇ ਖਤਰੇ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਖਾਲੀ ਕਰਨ ਦੀ ਅਪੀਲ ਕੀਤੀ ਗਈ ਹੈ। ਨਿਊਜ਼ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਜਾਪਾਨ ਦੇ ਦੱਖਣ-ਪੱਛਮੀ ਕਿਊਸ਼ੂ ਖੇਤਰ 'ਚ ਸੋਮਵਾਰ ਨੂੰ ਹੋਈ ਭਾਰੀ ਬਾਰਿਸ਼ ਕਾਰਨ ਯਾਮਾਟੋ ਤੋਂ ਲੰਘਦੀ ਇਕ ਛੋਟੀ ਨਦੀ 'ਤੇ ਬਣਿਆ ਪੁਲ ਢਹਿ ਗਿਆ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਉਦੇਸ਼ਾਂ ਲਈ ਕੁਮਾਮੋਟੋ ਸ਼ਹਿਰ ਦੇ ਲਗਭਗ 3,60,000 ਨਿਵਾਸੀਆਂ ਨੂੰ ਖੇਤਰ ਖਾਲੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਨਿਊਜ਼ ਏਜੰਸੀ ਨੇ ਦੱਸਿਆ ਕਿ ਜਾਪਾਨ ਦੀ ਮੌਸਮ ਵਿਗਿਆਨ ਏਜੰਸੀ ਨੇ ਮੰਗਲਵਾਰ ਦੁਪਹਿਰ ਤੋਂ ਪੂਰੇ ਖੇਤਰ ਵਿੱਚ ਭਾਰੀ ਮੀਂਹ ਅਤੇ ਗਰਜ ਦੀ ਚੇਤਾਵਨੀ ਦਿੱਤੀ ਹੈ। ਇਸ ਤੋਂ ਇਲਾਵਾ ਮੌਸਮ ਵਿਗਿਆਨ ਏਜੰਸੀ ਨੇ ਵੀ ਲੋਕਾਂ ਨੂੰ ਜ਼ਮੀਨ ਖਿਸਕਣ ਅਤੇ ਹੜ੍ਹਾਂ ਤੋਂ ਸੁਚੇਤ ਰਹਿਣ ਲਈ ਕਿਹਾ ਹੈ। ਨਿਊਜ਼ ਏਜੰਸੀ ਅਨੁਸਾਰ ਕੁਮਾਮੋਟੋ ਪ੍ਰੀਫੈਕਚਰ ਨੇ ਰੇਖਿਕ ਰੇਨਬੈਂਡਾਂ ਦਾ ਵਿਕਾਸ ਦੇਖਿਆ, ਜੋ ਕਿ ਭਾਰੀ ਮੀਂਹ ਲਿਆਉਣ ਲਈ ਜਾਣੇ ਜਾਂਦੇ ਹਨ। ਪ੍ਰੀਫੈਕਚਰ ਵਿੱਚ ਯਾਮਾਟੋ ਅਤੇ ਮਾਸ਼ਿਕੀ ਦੇ ਕਸਬਿਆਂ ਵਿੱਚ ਸੋਮਵਾਰ ਸਵੇਰੇ ਕ੍ਰਮਵਾਰ 82 ਅਤੇ 80 ਮਿਲੀਮੀਟਰ ਪ੍ਰਤੀ ਘੰਟਾ ਵਰਖਾ ਦਰਜ ਕੀਤੀ ਗਈ, ਜੋ ਦੋਵੇਂ ਖੇਤਰਾਂ ਲਈ ਜੁਲਾਈ ਦਾ ਰਿਕਾਰਡ ਹੈ।ਹਾਲਾਂਕਿ ਸਥਾਨਕ ਅਧਿਕਾਰੀਆਂ ਅਨੁਸਾਰ ਪੁਲ ਦੇ ਡਿੱਗਣ ਨਾਲ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਸਥਾਨਕ ਅਧਿਕਾਰੀਆਂ ਅਤੇ ਮੌਸਮ ਏਜੰਸੀ ਅਨੁਸਾਰ ਦੱਖਣ-ਪੱਛਮੀ ਜਾਪਾਨ ਵਿੱਚ ਹਿੰਸਕ ਮੀਂਹ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਹੋਰ ਲਾਪਤਾ ਹੋ ਗਏ। ਕਿਓਡੋ ਨਿਊਜ਼ ਨੇ ਸ਼ਨੀਵਾਰ ਨੂੰ ਰਿਪੋਰਟ ਦਿੱਤੀ। ਮੌਸਮੀ ਮੀਂਹ ਦੇ ਨਤੀਜੇ ਵਜੋਂ ਜਾਪਾਨ ਮੌਸਮ ਵਿਗਿਆਨ ਏਜੰਸੀ ਨੇ ਪੱਛਮੀ ਤੋਂ ਪੂਰਬੀ ਜਾਪਾਨ ਦੇ ਖੇਤਰਾਂ ਵਿੱਚ ਚਿੱਕੜ, ਨੀਵੇਂ ਇਲਾਕਿਆਂ ਵਿੱਚ ਹੜ੍ਹ ਅਤੇ ਨਦੀ ਦੇ ਓਵਰਫਲੋ ਲਈ ਚੇਤਾਵਨੀਆਂ ਜਾਰੀ ਕੀਤੀਆਂ ਹਨ। ਪੱਛਮੀ ਜਾਪਾਨ ਰੇਲਵੇ ਕੰਪਨੀ ਅਨੁਸਾਰ ਹਿਰੋਸ਼ੀਮਾ ਅਤੇ ਹਾਕਾਟਾ ਸਟੇਸ਼ਨਾਂ ਵਿਚਕਾਰ ਸਾਨਯੋ ਸ਼ਿਨਕਾਨਸੇਨ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ।

# ਕੈਨੇਡਾ ਦੀ ਧਰਤੀ 'ਤੇ ਪਹਿਲੀ ਵਾਰ ਸੰਗਤਾਂ ਨੇ ਕੀਤੇ ਇਤਿਹਾਸਕ ਸ਼ਸ਼ਤਰਾਂ ਦੇ ਦਰਸ਼ਨ



ਟੋਰਾਂਟੋ- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਦਵੇਂ ਮੁਖੀ, ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਦਾ ਕੈਨੇਡਾ ਦੀ ਧਰਤੀ 'ਤੇ ਪਹੁੰਚਣ ਮੌਕੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਟੋਰਾਂਟੋ ਏਅਰਪੋਰਟ ਤੇ ਬਹਤੁ ਵੱਡੀ ਗਿਣਤੀ 'ਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਵਲੋ ਜੈਕਾਰੇ ਨਰਸਿੰਘਾਂ 'ਤੇ ਫੁੱਲਾਂ ਦੀ ਵਰਖਾ ਕਰਕੇ ਜਿੱਥੇ ਬਾਬਾ ਬਲਬੀਰ ਸਿੰਘ ਨੂੰ ਜੀ ਆਇਆਂ ਕਿਹਾ ਗਿਆ, ਉੱਥੇ ਹੀ ਟੋਰਾਂਟੋਂ ਏਅਰਪੋਰਟ ਵੀ ਪੂਰਾ ਖਾਲਸਾਈ ਰੰਗ 'ਚ ਰੰਗਿਆ ਨਜ਼ਰ ਆ ਰਿਹਾ ਸੀ। ਗੌਰਤਲਬ ਐ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਚ ਅਮਰੀਕਾ 'ਚ ਜਿੱਥੇ ਨਿਹੰਗ ਸਿੰਘਾ ਦੀ ਛਾਉਣੀ ਸਥਾਪਤ ਕੀਤੀ ਗਈ ਹੈ, ਉਥੇ ਹੀ ਬੁੱਢਾ ਦਲ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ 200 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆਂ ਦੀ 300 ਸਾਲਾ ਜਨਮ ਸ਼ਤਾਬਦੀ ਜਿੱਥੇ ਭਾਰਤ ਭਰ 'ਚ ਵਿਸ਼ਾਲ ਪੱਧਰ ਤੇ ਮਨਾਈ ਗਈ। ਉਥੇ ਹੀ ਵਿਦੇਸ਼ਾਂ ਵਿੱਚ ਵੀ ਬਹੁਤ ਵੱਡੇ ਪੱਧਰ ਤੇ ਮਨਾਈ ਜਾ ਰਹੀ ਹੈ। ਸੰਗਤਾਂ ਦੇ ਵਿਸ਼ੇਸ਼ ਸੱਦੇ 'ਤੇ ਕੈਨੇਡਾ ਦੀ ਧਰਤੀ 'ਤੇ ਪਹੁੰਚੇ ਬਾਬਾ ਬਲਬੀਰ ਸਿੰਘ ਵੱਲੋਂ ਜਿੱਥੇ ਸ਼ਤਾਬਦੀ ਜੋੜ ਮੇਲੇ 'ਚ ਸ਼ਮੂਲੀਅਤ ਕੀਤੀ ਜਾਵੇਗੀ। ਉੱਥੇ ਹੀ ਬੁੱਢਾ ਦਲ ਦੇ ਕੋਲ ਪਏ ਪੁਰਾਤਨ ਇਤਿਹਾਸਿਕ ਸ਼ਸ਼ਤਰਾਂ ਦੇ ਦਰਸ਼ਨ ਵੀ ਸਿੱਖ ਸੰਗਤਾਂ ਨੂੰ ਕਰਵਾਏ ਗਏ।

# ਇਟਲੀ ਦੇ ਜੌਹਲ ਇੰਡੀਅਨ ਰੈਸਟੋਰੈਂਟ, ਨੋਵੇਲਾਰਾ ਨੇ ਇਸ ਸਾਲ ਵੀ ਸਫ਼ਲਤਾਪੂਰਵਕ ਕਰਵਾਇਆ 'ਤੀਆਂ ਦਾ ਮੇਲਾ'



ਰੋਮ (ਇਟਲੀ)-ਇਟਲੀ ਦੇ ਨੋਵੇਲਾਰਾ ਵਿਖੇ ਸਥਿਤ ਮਸ਼ਹੂਰ ਜੌਹਲ ਇੰਡੀਅਨ ਰੈਸਟੋਰੈਂਟ ਵੱਲੋਂ ਔਰਤਾਂ ਦੀ ਵਿਸ਼ੇਸ਼ ਮੰਗ 'ਤੇ ਇਸ ਸਾਲ ਵੀ ਤੀਆਂ ਦਾ ਮੇਲਾ ਬਹੁਤ ਹੀ ਸਫਲਤਾ ਪੂਰਵਕ ਕਰਵਾਇਆ ਗਿਆ।ਜ਼ਿਕਰਯੋਗ ਹੈ ਕਿ ਇਹ ਮੇਲਾ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਕਰਵਾਇਆ ਜਾਂਦਾ ਆ ਰਿਹਾ ਹੈ।ਮਿਸਿਜ਼ ਜੌਹਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸਾਲ ਵੀ ਬੀਬੀਆਂ ਨੂੰ ਇਸ ਮੇਲੇ ਦੀ ਬੇਸਬਰੀ ਨਾਲ ਉਡੀਕ ਸੀ ਅਤੇ ਬਹੁਤ ਸਮਾਂ ਪਹਿਲਾਂ ਹੀ ਮੇਲੇ ਦੀ ਤਰੀਕ ਬਾਰੇ ਮੈਸੇਜ਼ ਆਉਣੇ ਸ਼ੁਰੂ ਹੋ ਗਏ ਸਨ।ਉਹਨਾਂ ਨੇ ਅੱਗੇ ਦੱਸਿਆ ਕਿ ਵਿਦੇਸ਼ਾਂ ਵਿੱਚ ਵਸਦਿਆਂ ਹੋਇਆ ਆਪਣੇ ਸਭਿਆਚਾਰ ਨੂੰ ਕਾਇਮ ਰੱਖਣਾ ਵੀ ਸਾਡਾ ਫਰਜ਼ ਹੈ ਜੋ ਕਿ ਅਸੀਂ ਇਸ ਮੇਲੇ ਰਾਹੀਂ ਪੂਰਾ ਕਰ ਰਹੇ ਹਾਂ ਅਤੇ ਉਹਨਾਂ ਨੂੰ ਔਰਤਾਂ ਦਾ ਭਰਪੂਰ ਸਾਥ ਮਿਲ ਰਿਹਾ ਹੈ।ਮੇਲੇ ਵਿੱਚ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਪਹਿਰਾਵੇ ਪਾਏ ਗਏ ਸਨ ਅਤੇ ਸੱਭਿਆਚਾਰਕ ਨਿਸ਼ਾਨੀਆਂ ਵੀ ਰੱਖੀਆਂ ਗਈਆਂ ਸਨ।ਗਿੱਧਾ ਭੰਗੜੇ ਦੀਆਂ ਆਇਟਮਾਂ ਵੀ ਹੋਈਆਂ ਅਤੇ ਬੋਲੀਆਂ ਵੀ ਪਾਈਆਂ ਗਈਆਂ। ਜੌਹਲ ਡੀ ਜੇ ਦੀਆਂ ਮਧੁਰ ਬੀਟਾਂ ਨੇ ਵੀ ਸਭ ਨੂੰ ਨੱਚਣ ਲਈ ਮਜਬੂਰ ਕੀਤਾ।ਯਾਦ ਰਹੇ ਕਿ ਇਹ ਮੇਲਾ ਸਿਰਫ ਔਰਤਾਂ ਲਈ ਕਰਵਾਇਆ ਜਾਂਦਾ ਹੈ।ਅੰਤ ਵਿੱਚ ਸਾਰੇ ਆਏ ਹੋਏ ਗੈਸਟਾਂ ਨੂੰ ਮੇਲੇ ਵਿੱਚ ਪਹੁੰਚਣ ਲਈ ਉਹਨਾਂ ਨੂੰ ਜੀਅ ਆਇਆ ਨੂੰ ਵੀ ਆਖਿਆ ਗਿਆ ਅਤੇ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਧੰਨਵਾਦ ਕਰਦਿਆਂ ਸਮਾਪਤੀ ਕੀਤੀ ਗਈ।

# ਪਾਕਿਸਤਾਨ 'ਚ ਚੋਟੀ ਫਤਿਹ ਕਰਨ ਮਗਰੋਂ ਪੋਲੈਂਡ ਦੇ ਪਰਬਤਾਰੋਹੀ ਦੀ ਮੌਤ




ਪੇਸ਼ਾਵਰ- ਪਾਕਿਸਤਾਨ ਦੇ ਨੰਗਾ ਪਰਬਤ ਦੇ ਸਿਖਰ 'ਤੇ ਚੜ੍ਹਨ ਮਗਰੋਂ ਪੋਲੈਂਡ ਦੇ ਇਕ ਪਰਬਤਾਰੋਹੀ ਦੀ ਮੌਤ ਹੋ ਗਈ। ਸਥਾਨਕ ਪੁਲਸ ਅਤੇ ਇਕ ਪਰਬਤਾਰੋਹੀ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਨੰਗਾ ਪਰਬਤ ਦੀਆਂ ਖ਼ਤਰਨਾਕ ਸਥਿਤੀਆਂ ਕਾਰਨ ਇਸ ਨੂੰ ਕਾਤਲ ਪਹਾੜ ਵੀ ਕਿਹਾ ਜਾਂਦਾ ਹੈ। ਸਥਾਨਕ ਪੁਲਸ ਅਧਿਕਾਰੀ ਜ਼ਾਹਿਦ ਹੁਸੈਨ ਨੇ ਕਿਹਾ ਕਿ ਪਾਵੇਲ ਟੋਮਾਸਜ਼ ਕੋਪੇਕ ਨੂੰ 8,126 ਮੀਟਰ (26,660 ਫੁੱਟ) ਦੇ ਸਿਖਰ ਤੋਂ ਉਤਰਨ ਦੇ ਦੌਰਾਨ ਉਲਟ ਮੌਸਮ ਕਾਰਨ ਸਾਹ ਲੈਣ ਵਿੱਚ ਮੁਸ਼ਕਲ ਆਈ ਸੀ। ਉਸ ਦੇ ਨਾਲ ਦੋ ਹੋਰ ਪਰਬਤਰੋਹੀ ਵੀ ਸਨ। ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਕੋਪੇਕ ਦੀ ਲਾਸ਼ ਨੂੰ ਮੁੜ ਪ੍ਰਾਪਤ ਕਰਨ ਲਈ ਕੋਈ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ ਹੈ ਜਾਂ ਨਹੀਂ। ਅਧਿਕਾਰੀਆਂ ਨੇ ਦੱਸਿਆ ਕਿ ਬਾਕੀ ਦੋ ਪਰਬਤਰੋਹੀ ਸੁਰੱਖਿਅਤ ਹਨ ਅਤੇ ਆਪਣੇ ਬੇਸ ਕੈਂਪ ਵੱਲ ਪਰਤ ਰਹੇ ਹਨ। ਪਾਕਿਸਤਾਨ ਦੇ ਐਲਪਾਈਨ ਕਲੱਬ ਦੇ ਸਕੱਤਰ ਕਰਾਰ ਹੈਦਰੀ ਨੇ ਕਿਹਾ ਕਿ ਉਨ੍ਹਾਂ ਨੂੰ ਪਰਬਤਾਰੋਹੀ ਕੰਪਨੀ ਤੋਂ ਕੋਪੇਕ ਦੀ ਮੌਤ ਦੀ ਸੂਚਨਾ ਮਿਲੀ ਸੀ। ਉਨ੍ਹਾਂ ਕਿਹਾ ਕਿ ਪਰਬਤਾਰੋਹੀ ਦੀ ਲਾਸ਼ ਨੂੰ ਵਾਪਸ ਲਿਆਉਣ ਦਾ ਕੋਈ ਵੀ ਫ਼ੈਸਲਾ ਉਸ ਦੇ ਪਰਿਵਾਰ ਦੀ ਰਾਏ ਲੈ ਕੇ ਲਿਆ ਜਾਵੇਗਾ। ਹੈਦਰੀ ਨੇ ਦੱਸਿਆ ਕਿ ਆਸਿਫ ਭੱਟੀ ਨਾਂ ਦਾ ਪਾਕਿਸਤਾਨੀ ਪਰਬਤਾਰੋਹੀ ਸੂਰਜ ਦੀਆਂ ਅਲਟਰਾਵਾਇਲਟ ਕਿਰਨਾਂ ਕਾਰਨ ਅੱਖਾਂ 'ਚ ਜਲਨ ਕਾਰਨ ਨੰਗਾ ਪਰਬਤ 'ਤੇ ਫਸ ਗਿਆ ਹੈ ਅਤੇ ਉਸ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਯਤਨ ਜਾਰੀ ਹਨ।

# ਮਨੀਸ਼ ਦੀ ਸਪੇਨ ਵਿੱਚ ਹੋਣ ਵਾਲੀ ਮਿਸਟਰ ਯੂਨੀਵਰਸ-2023 ਚੈਂਪੀਅਨਸ਼ਿਪ ਲਈ ਚੋਣ

ਜਲੰਧਰ – ਬੂਟਾ ਮੰਡੀ ਨਿਵਾਸੀ ਮਨੀਸ਼ ਨੇ ਮਿਸਟਰ ਓਲੰਪੀਆ ਦਾ ਖ਼ਿਤਾਬ ਜਿੱਤਣ ਤੋਂ ਬਾਅਦ ਮਿਸਟਰ ਏਸ਼ੀਆ ਦਾ ਖ਼ਿਤਾਬ ਵੀ ਆਪਣੇ ਨਾਂ ਕਰ ਲਿਆ ਸੀ। ਇਸੇ ਸਾਲ ਦੇ ਅੰਤ ਵਿਚ ਹੋਣ ਵਾਲੀ ਮਿਸਟਰ ਯੂਨੀਵਰਸ ਚੈਂਪੀਅਨਸ਼ਿਪ ਵਿਚ ਹਿੱਸਾ ਲੈਣ ਲਈ ਉਹ ਹਰ ਖ਼ਿਤਾਬ ਆਪਣੇ ਨਾਂ ਕਰ ਰਹੇ ਹਨ। ਇਕ ਹਫ਼ਤੇ ਪਹਿਲਾਂ ਦਿੱਲੀ ਵਿਚ ਹੋਈ ਮਿਸਟਰ ਏਸ਼ੀਆ ਚੈਂਪੀਅਨਸ਼ਿਪ ਵਿਚ ਮਨੀਸ਼ ਨੇ ਗੋਲਡ ਮੈਡਲ ਜਿੱਤ ਕੇ ਪੰਜਾਬ ਦੇ ਨਾਲ-ਨਾਲ ਜਲੰਧਰ ਦਾ ਨਾਂ ਰੌਸ਼ਨ ਕੀਤਾ ਹੈ। ਚੈਂਪੀਅਨਸ਼ਿਪ ਵਿਚ ਵੱਖ-ਵੱਖ ਦੇਸ਼ਾਂ ਦੇ 200 ਤੋਂ ਵੱਧ ਬਾਡੀ ਬਿਲਡਰਾਂ ਨੇ ਹਿੱਸਾ ਲਿਆ। ਮਈ ਦੇ ਅੰਤ ਵਿਚ ਮਨੀਸ਼ ਨੇ ਬੈਂਕਾਕ ਵਿਚ ਮਿਸਟਰ ਓਲੰਪੀਆ-2023 ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਜਿੱਤਿਆ ਸੀ। ਮਨੀਸ਼ ਨੇ ਗੋਲਡ ਮੈਡਲ ਜਿੱਤ ਕੇ ਪ੍ਰੋ ਕਾਰਡ ਹਾਸਲ ਕਰ ਲਿਆ ਹੈ। ਮਨੀਸ਼ ਹੁਣ ਕਿਸੇ ਵੀ ਅੰਤਰਰਾਸ਼ਟਰੀ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਵਿਚ ਹਿੱਸਾ ਲੈ ਸਕਦੇ ਹਨ। ਸਪੇਨ ਵਿਚ ਨਵੰਬਰ ਵਿਚ ਹੋਣ ਵਾਲੀ ਮਿਸਟਰ ਯੂਨੀਵਰਸ-2023 ਚੈਂਪੀਅਨਸ਼ਿਪ ਲਈ ਉਨ੍ਹਾਂ ਦੀ ਚੋਣ ਹੋ ਚੁੱਕੀ ਹੈ। ਮਨੀਸ਼ ਨੇ ਦੱਸਿਆ ਕਿ ਲਾਇਲਪੁਰ ਖ਼ਾਲਸਾ ਕਾਲਜ ਵਿਚ ਹੋਈ ਅੰਤਰ ਯੂਨੀਵਰਸਿਟੀ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਵਿਚ ਮੈਂ ਗੋਲਡ ਮੈਡਲ ਜਿੱਤਿਆ ਸੀ। ਪਿਤਾ ਨੂੰ ਨਿਮੋਨੀਆ ਹੋ ਗਿਆ ਸੀ। ਪਰਿਵਾਰ ਦੀ ਜ਼ਿੰਮੇਵਾਰੀ ਪੈਣ ’ਤੇ ਸਾਲ 2011 ਵਿਚ ਬਾਡੀ ਬਿਲਡਿੰਗ ਛੱਡ ਦਿੱਤੀ ਸੀ। ਘਰ ਦਾ ਖ਼ਰਚਾ ਚਲਾਉਣ ਲਈ ਖ਼ੁਦ ਦੀ ਚਾਹ ਦੀ ਦੁਕਾਨ ਖੋਲ੍ਹੀ। ਉਨ੍ਹਾਂ ਨੇ ਕਈ ਨਿੱਜੀ ਸੈਕਟਰਾਂ ਵਿਚ ਕੰਮ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਉਹ ਹੁਣ ਰੋਜ਼ਾਨਾ ਸੱਤ ਘੰਟੇ ਜਿਮ ਵਿਚ ਟ੍ਰੇਨਿੰਗ ਕਰਦੇ ਹਨ। ਉਨ੍ਹਾਂ ਨੂੰ ਅਸਲੀ ਖ਼ੁਸ਼ੀ ਤਦ ਹੋਵੇਗੀ ਜਦ ਉਹ ਮਿਸਟਰ ਯੂਨੀਵਰਸ ਦਾ ਖ਼ਿਤਾਬ ਆਪਣੇ ਨਾਂ ਕਰਨਗੇ।



# ਅੰਤਰਰਾਸ਼ਟਰੀ ਪੱਧਰ ’ਤੇ ਚੰਡੀਗੜ੍ਹ ਦਾ ਵੇਟ ਲਿਫ਼ਟਰ ਬਣੇਗਾ ਨੈਸ਼ਨਲ ਟੀਮ ਦਾ ਹਿੱਸਾ, ਭਾਰਤੀ ਟੀਮ ’ਚ ਹੋਈ ਚੋਣ

ਚੰਡੀਗੜ੍ਹ- ਚੰਡੀਗੜ੍ਹ ਦੇ ਵੇਟਲਿਫ਼ਟਰ ਪੁੱਤਰਾਂ ਅਤੇ ਉਨ੍ਹਾਂ ਦੇ ਪਿਉ ਦੀ ਕਹਾਣੀ ਬਹੁਤ ਦਿਲਚਸਪ ਹੈ। ਪਿਤਾ ਗੁਰਜੀਤ ਸਿੰਘ ਪੁੱਤਰਾਂ ਗੁਰਚਰਨ ਸਿੰਘ ਅਤੇ ਪਰਮਵੀਰ ਸਿੰਘ ਨੂੰ ਵੇਟ ਲਿਫ਼ਟਿੰਗ ਦੀ ਕੋਚਿੰਗ ਲਈ ਲੈ ਕੇ ਜਾਂਦੇ ਸਨ। ਬੱਚਿਆਂ ਨੂੰ ਪ੍ਰੈਕਟਿਸ ਕਰਦੇ ਦੇਖ ਉਸ ਨੇ ਵੀ ਅਭਿਆਸ ਕਰਨਾ ਸ਼ੁਰੂ ਕਰ ਦਿਤਾ ਅਤੇ ਹੁਣ ਜਦੋਂ ਉਸ ਦਾ ਬੇਟਾ ਪਰਮਵੀਰ ਨੈਸ਼ਨਲ ਟੀਮ ’ਚ ਪਹੁੰਚ ਗਿਆ ਹੈ ਤਾਂ ਪਿਤਾ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ ਹੈ।ਚੰਡੀਗੜ੍ਹ ਦੇ ਵੇਟਲਿਫ਼ਟਰ ਪਰਮਵੀਰ ਸਿੰਘ ਨੇ ਐਨਆਈਐਸ ਪਟਿਆਲਾ ਵਿਚ ਹੋਏ ਨੈਸ਼ਨਲ ਟਰਾਇਲ ਵਿਚ ਰਿਕਾਰਡ ਪ੍ਰਦਰਸ਼ਨ ਕਰ ਕੇ ਭਾਰਤੀ ਟੀਮ ਵਿਚ ਅਪਣੀ ਜਗ੍ਹਾ ਪੱਕੀ ਕਰ ਲਈ ਹੈ। ਪਰਮਵੀਰ ਪਹਿਲਾਂ ਰਾਸ਼ਟਰਮੰਡਲ ਚੈਂਪੀਅਨਸ਼ਿਪ ’ਚ ਖੇਡੇਗਾ ਅਤੇ ਫਿਰ ਏਸ਼ੀਆਈ ਚੈਂਪੀਅਨਸ਼ਿਪ ’ਚ ਵੀ ਰਾਸ਼ਟਰੀ ਟੀਮ ’ਚ ਸ਼ਾਮਲ ਹੋਵੇਗਾ। ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਹੈ ਕਿ ਚੰਡੀਗੜ੍ਹ ਦਾ ਕੋਈ ਵੇਟ ਲਿਫ਼ਟਰ ਅੰਤਰਰਾਸ਼ਟਰੀ ਪੱਧਰ ’ਤੇ ਰਾਸ਼ਟਰੀ ਟੀਮ ਦਾ ਹਿੱਸਾ ਬਣੇਗਾ।ਟਰਾਇਲ ਦੌਰਾਨ ਪਰਮਵੀਰ ਨੇ ਕਲੀਨ ਐਂਡ ਜਰਕ ’ਚ 177 ਕਿਲੋਗ੍ਰਾਮ ਭਾਰ ਚੁੱਕ ਕੇ ਅਪਣਾ ਹੀ ਰਿਕਾਰਡ ਤੋੜਿਆ, ਜਿਸ ’ਚ ਰਾਸ਼ਟਰੀ ਖੇਡਾਂ ਅਤੇ ਖੇਲੋ ਇੰਡੀਆ ਖੇਡਾਂ ’ਚ 176 ਕਿਲੋਗ੍ਰਾਮ ਭਾਰ ਚੁੱਕ ਕੇ ਉਸ ਦਾ ਨਾਂ ਰਿਕਾਰਡ ਬੁੱਕ ’ਚ ਦਰਜ ਕੀਤਾ ਗਿਆ। ਇਸ ਮੌਕੇ ਚੰਡੀਗੜ੍ਹ ਦੇ ਡਾਇਰੈਕਟਰ ਸਪੋਰਟਸ ਸੌਰਭ ਅਰੋੜਾ ਅਤੇ ਜੁਆਇੰਟ ਡਾਇਰੈਕਟਰ ਸੁਨੀਲ ਰਿਆਤ ਵਲੋਂ ਲਗਾਤਾਰ ਪਰਮਵੀਰ ਦੀ ਹੌਂਸਲਾ ਅਫਜ਼ਾਈ ਕੀਤੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਕੁੱਝ ਮਹੀਨੇ ਪਹਿਲਾਂ ਪਰਮਵੀਰ ਨੇ ਨੈਸ਼ਨਲ ਵੇਟਲਿਫ਼ਟਿੰਗ ਚੈਂਪੀਅਨਸ਼ਿਪ ’ਚ ਜੂਨੀਅਰ ਅਤੇ ਸਬ-ਜੂਨੀਅਰ ਵਰਗ ’ਚ ਦੋ ਸੋਨ ਤਮਗ਼ੇ ਜਿੱਤ ਕੇ ਚਾਰ ਨਵੇਂ ਰਿਕਾਰਡ ਬਣਾਏ ਸਨ ਅਤੇ ਉਸੇ ਤਰਜ਼ ’ਤੇ ਇਕ ਵਾਰ ਫਿਰ ਤੋਂ ਅਪਣਾ ਹੀ ਰਿਕਾਰਡ ਤੋੜ ਕੇ ਵੇਟਲਿਫ਼ਟਿੰਗ ’ਚ ਅਪਣੀ ਜਗ੍ਹਾ ਪੱਕੀ ਕੀਤੀ ਹੈ। ਭਾਰਤੀ ਟੀਮ. ਰਾਸ਼ਟਰਮੰਡਲ ਵੇਟਲਿਫ਼ਟਿੰਗ 11 ਤੋਂ 17 ਜੁਲਾਈ ਤਕ ਨੋਇਡਾ ਦੀ ਗੌਤਮ ਬੁੱਧ ਯੂਨੀਵਰਸਟੀ ’ਚ ਹੋਵੇਗੀ ਅਤੇ ਏਸ਼ੀਅਨ ਚੈਂਪੀਅਨਸ਼ਿਪ 28 ਜੁਲਾਈ ਤੋਂ 5 ਅਗੱਸਤ ਤਕ ਇਸੇ ਸਥਾਨ ’ਤੇ ਹੋਵੇਗੀ। 16 ਸਾਲਾ ਪਰਮਵੀਰ ਚੰਡੀਗੜ੍ਹ ਤੋਂ ਪਹਿਲੀ ਵਾਰ ਕਿਸੇ ਅੰਤਰਰਾਸ਼ਟਰੀ ਈਵੈਂਟ ਦਾ ਹਿੱਸਾ ਬਣੇਗਾ। ਸੈਕਟਰ-42 ਸਪੋਰਟਸ ਕੰਪਲੈਕਸ ਦੇ ਸਿਖਿਆਰਥੀ ਹੁਣ ਯੁਵਾ ਜੂਨੀਅਰ ਮੁਕਾਬਲਿਆਂ ਵਿਚ ਅੰਤਰਰਾਸ਼ਟਰੀ ਪੱਧਰ ’ਤੇ ਭਾਗ ਲੈਣਗੇ।ਚਿਤਕਾਰਾ ਸਕੂਲ ਦੇ ਵਿਦਿਆਰਥੀ ਪਰਮਵੀਰ ਦੇ ਕੋਚ ਕਰਨਵੀਰ ਸਿੰਘ ਬੁੱਟਰ ਨੇ ਦੱਸਿਆ ਕਿ 10 ਸਾਲ ਦੀ ਉਮਰ ਵਿੱਚ ਪਰਮਵੀਰ ਨੇ ਵੇਟਲਿਫ਼ਟਿੰਗ ਸ਼ੁਰੂ ਕੀਤੀ। ਉਸ ਨੇ ਪਹਿਲੀ ਵਾਰ 2022 ਵਿੱਚ ਭੁਵਨੇਸ਼ਵਰ ਨੈਸ਼ਨਲ ਵਿੱਚ ਖੇਡਿਆ ਅਤੇ ਸੋਨ ਤਗਮਾ ਜਿੱਤਿਆ, ਜਿਸ ਤੋਂ ਬਾਅਦ ਕਾਂਸੀ ਦਾ ਤਮਗ਼ਾ ਜਿੱਤਿਆ। ਪੰਚਕੂਲਾ ਖੇਲੋ ਖੇਡਾਂ ਵਿਚ ਉਸ ਨੇ ਤਾਮਿਲਨਾਡੂ ਨੈਸ਼ਨਲ ਵਿੱਚ ਇਕੱਠੇ ਦੋ ਗੋਲਡ ਜਿੱਤੇ। ਇਸ ਤੋਂ ਬਾਅਦ ਉਸ ਨੇ ਮੱਧ ਪ੍ਰਦੇਸ਼ ਵਿਚ ਹੋਈਆਂ ਖੇਲੋ ਇੰਡੀਆ ਖੇਡਾਂ ਵਿਚ ਵੀ ਚੰਡੀਗੜ੍ਹ ਲਈ ਸੋਨ ਤਮਗ਼ਾ ਜਿਤਿਆ।



# ਅਡਾਨੀ ਦੁਨੀਆਂ ਦੇ ਅਮੀਰਾਂ ਦੀ ਟਾਪ-20 ਸੂਚੀ ਤੋਂ ਵੀ ਹੋਏ ਬਾਹਰ

ਨਵੀਂ ਦਿੱਲੀ-: ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਏਸ਼ੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਦਾ ਦਰਜਾ ਗੁਆ ਬੈਠੇ ਹਨ। ਇਸ ਦੇ ਨਾਲ ਹੀ ਅਡਾਨੀ ਦੁਨੀਆ ਦੇ ਅਮੀਰਾਂ ਦੀ ਟਾਪ-20 ਸੂਚੀ ਤੋਂ ਵੀ ਬਾਹਰ ਹੋ ਗਏ ਹਨ। ਦੱਸ ਦੇਈਏ ਕਿ ਉਹਨਾਂ ਦਾ ਏਸ਼ੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਹੋਣ ਦਾ ਰੁਤਬਾ ਚੀਨ ਦੇ ਝੋਂਗ ਸ਼ਾਨਸ਼ਾਨ ਨੇ ਖੋਹ ਲਿਆ ਹੈ। ਇਸ ਦੇ ਨਾਲ ਹੀ ਮੁਕੇਸ਼ ਅੰਬਾਨੀ ਅਜੇ ਵੀ ਆਪਣੇ 13ਵੇਂ ਸਥਾਨ ’ਤੇ ਹਨ।ਬਲੂਮਬਰਗ ਬਿਲੀਨੇਅਰ ਇੰਡੈਕਸ ਦੀ ਤਾਜ਼ਾ ਸੂਚੀ ਵਿੱਚ ਐਲੋਨ ਮਸਕ ਪਹਿਲੇ ਸਥਾਨ ’ਤੇ ਹਨ। ਉਹਨਾਂ ਕੋਲ ਕੁੱਲ 234 ਅਰਬ ਡਾਲਰ ਦੀ ਜਾਇਦਾਦ ਹੈ। ਇਸ ਸਾਲ ਉਹਨਾਂ ਨੇ ਹੁਣ ਤੱਕ 96.6 ਅਰਬ ਡਾਲਰ ਦਾ ਇਜ਼ਾਫਾ ਆਪਣੀ ਸੰਪਤੀ ਵਿੱਚ ਕੀਤਾ ਹੈ। ਬਰਨਾਰਡ ਅਰਨੌਲਟ, ਜਿਸਦੀ ਕੁੱਲ ਜਾਇਦਾਦ 200 ਅਰਬ ਡਾਲਰ ਹੈ। ਇਸ ਸਾਲ ਹੁਣ ਤੱਕ, ਉਨ੍ਹਾਂ ਨੇ ਕੁੱਲ 38.2 ਅਰਬ ਡਾਲਰ ਦੀ ਕਮਾਈ ਕੀਤੀ ਹੈ। ਇਸ ਦੌਰਾਨ ਤੀਜੇ ਸਥਾਨ ’ਤੇ ਆਏ ਜੈਫ ਬੇਜੋਸ ਦੇ ਕੋਲ 154 ਅਰਬ ਡਾਲਰ ਦੀ ਜਾਇਦਾਦ ਹੈ। ਇਸ ਸਾਲ ਉਹਨਾਂ ਦੀ ਸੰਪਤੀ ’ਚ 47.4 ਅਰਬ ਡਾਲਰ ਦਾ ਵਾਧਾ ਹੋਇਆ ਹੈ। ਬਿਲ ਗੇਟਸ ਚੌਥੇ ਸਥਾਨ ’ਤੇ ਹਨ। ਇਸ ਸਾਲ ਉਨ੍ਹਾਂ ਦੀ ਸੰਪਤੀ ’ਚ 24.4 ਅਰਬ ਡਾਲਰ ਦਾ ਵਾਧਾ ਹੋਇਆ ਹੈ। ਉਹਨਾਂ ਦੀ ਕੁੱਲ ਜਾਇਦਾਦ 134 ਬਿਲੀਅਨ ਡਾਲਰ ਹੋ ਗਈ ਹੈ।



# ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਵੱਲੋਂ ਸ਼ਰਧਾਂਜਲੀ ਸਮਾਗਮਾਂ ਸੰਬੰਧੀ ਸੰਗਤਾਂ ਨਾਲ ਵਿਚਾਰ ਸਾਂਝੇ





ਰੋਮ (ਇਟਲੀ) (ਗੁਰਸ਼ਰਨ ਸਿੰਘ ਸੋਨੀ) : ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਰਜਿ.ਇਟਲੀ ਤਰਫੋਂ ਭਾਈ ਪ੍ਰਿਥੀਪਾਲ ਸਿੰਘ,ਸੇਵਾ ਸਿੰਘ ਫ਼ੌਜੀ,ਗੁਰਮੇਲ ਸਿੰਘ ਭੱਟੀ,ਦਰਬਾਰਾ ਸਿੰਘ ਫ਼ੌਜੀ,ਜਸਬੀਰ ਸਿੰਘ ਧਨੌਤਾ ਅਤੇ ਜਗਦੀਪ ਸਿੰਘ ਮੱਲ੍ਹੀ ਵੱਲੋਂ ਬਰੇਸ਼ੀਆ ਜ਼ਿਲ੍ਹੇ ਦੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਲੇਨੋ ਅਤੇ ਬਾਬਾ ਬੁੱਢਾ ਜੀ ਸਿੱਖ ਸੈਂਟਰ ਕਸਤੇਨੇਦੋਲੋ ਵਿਖੇ ਹਾਜ਼ਰੀ ਭਰੀ ਗਈ ਅਤੇ ਕਮੇਟੀ ਵੱਲੋਂ ਫੌਰਲੀ ਸ਼ਹਿਰ ਵਿਖੇ ਵੱਡੇ ਪੱਧਰ ’ਤੇ ਹਰ ਸਾਲ ਕਰਵਾਏ ਜਾਂਦੇ ਸ਼ਰਧਾਜਲੀ ਸਮਾਗਮ ਬਾਰੇ ਸੰਗਤਾਂ ਨਾਲ ਵਿਚਾਰ-ਵਟਾਂਦਰੇ ਕੀਤੇ ਗਏ।ਕਮੇਟੀ ਵੱਲੋਂ ਭਾਈ ਦਰਬਾਰਾ ਸਿੰਘ ਫ਼ੌਜੀ ਨੇ ਸੰਗਤਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਹਰ ਸਾਲ ਦੀ ਤਰ੍ਹਾਂ ਵੱਧ-ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਅਤੇ ਕਮੇਟੀ ਵੱਲੋਂ ਕੀਤੇ ਜਾਂਦੇ ਬਾਕੀ ਸਮਾਗਮਾਂ ਦੀ ਜਾਣਕਾਰੀ ਵੀ ਦਿੱਤੀ ਅਤੇ ਸੰਗਤਾਂ ਨੂੰ ਕਮੇਟੀ ਦਾ ਸਹਿਯੋਗ ਕਰਨ ਬਾਰੇ ਬੇਨਤੀ ਵੀ ਕੀਤੀ।ਪ੍ਰਬੰਧਕ ਕਮੇਟੀਆਂ ਵੱਲੋਂ ਕਮੇਟੀ ਦੇ ਅਹੁਦੇਦਾਰਾਂ ਨੂੰ ਜੀ ਆਇਆਂ ਨੂੰ ਆਖਿਆ ਗਿਆ ਅਤੇ ਸਿਰੋਪਾਉ ਦੀ ਬਖਸ਼ਿਸ਼ ਕੀਤੀ ਗਈ ਅਤੇ ਪੂਰਣ ਸਹਿਯੋਗ ਦਾ ਭਰੋਸਾ ਦਿੱਤਾ ਗਿਆ।

# ਚੀਨ ਵਿੱਚ ਘਰੇਲੂ ਹਿੰਸਾ ਦੀਆਂ ਸ਼ਿਕਾਰ ਹੋਈਆਂ ਔਰਤਾਂ ਘਰੇਲੂ ਹਿੰਸਾ ਦੇ ਡਰਾਉਣੇ ਮਾਮਲੇ ਆਏ ਸਾਹਮਣੇ; ਨੌਜਵਾਨ ਵਿਆਹ ਤੋਂ ਕਰ ਰਹੇ ਹਨ ਪਰਹੇਜ਼

ਬੀਜਿੰਗ - ਘਰੇਲੂ ਹਿੰਸਾ ਦੇ ਸਿਲਸਿਲੇਵਾਰ ਮਾਮਲਿਆਂ ਨੇ ਚੀਨ ਦੇ ਨੌਜਵਾਨਾਂ ਵਿੱਚ ਵਿਆਹ ਨੂੰ ਲੈ ਕੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਰਿਪੋਰਟ ਮੁਤਾਬਕ ਚੀਨ ’ਚ ਹਾਈ ਪ੍ਰੋਫਾਈਲ ਘਰੇਲੂ ਹਿੰਸਾ ਦੇ ਮਾਮਲਿਆਂ ’ਚ ਵਾਧਾ ਹੋਇਆ ਹੈ, ਜਿਸ ਕਾਰਨ ਚੀਨੀ ਨੌਜਵਾਨ ਵਿਆਹ ਕਰਨ ਤੋਂ ਬਚ ਰਹੇ ਹਨ।ਹਾਲ ਹੀ ਵਿਚ ਚੀਨ ਵਿਚ ਘਰੇਲੂ ਹਿੰਸਾ ਦਾ ਇਕ ਮਾਮਲਾ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜਿਸ ਵਿਚ ਦਿਨ-ਦਿਹਾੜੇ ਕਤਲ ਦੀ ਵੀਡੀਓ ਰਿਕਾਰਡ ਕੀਤੀ ਗਈ ਸੀ। ਇਹ ਕਤਲ ਪੂਰਬੀ ਸੂਬੇ ਸ਼ਾਨਡੋਂਗ ’ਚ ਹੋਇਆ ਸੀ ਅਤੇ ਪੂਰੀ ਘਟਨਾ ਨੂੰ ਇਕ ਗਵਾਹ ਨੇ ਰਿਕਾਰਡ ਕੀਤਾ ਸੀ। ਵਿਅਕਤੀ ਨੇ ਇਹ ਵੀਡੀਓ ਆਨਲਾਈਨ ਪੋਸਟ ਕੀਤੀ ਜਿਸ ਤੋਂ ਬਾਅਦ ਘਰੇਲੂ ਹਿੰਸਾ ਦਾ ਮਾਮਲਾ ਸਾਹਮਣੇ ਆਇਆ।ਵੀਡੀਓ ਵਿੱਚ, ਵਿਅਕਤੀ ਵਾਰ-ਵਾਰ ਇੱਕ ਔਰਤ ਉੱਤੇ ਕਾਰ ਚਲਾ ਰਿਹਾ ਹੈ, ਜਿਸਦੀ ਬਾਅਦ ਵਿੱਚ ਪੁਲਿਸ ਨੇ ਉਸਦੀ ਪਤਨੀ ਵਜੋਂ ਪਛਾਣ ਕੀਤੀ। ਵੀਡੀਓ ’ਚ ਇਹ ਵੀ ਦੇਖਿਆ ਗਿਆ ਕਿ ਪਤੀ ਵਾਰ-ਵਾਰ ਆਪਣੀ ਕਾਰ ਚੋਂ ਬਾਹਰ ਨਿਕਲ ਰਿਹਾ ਸੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਸ ਦੀ ਪਤਨੀ ਜ਼ਿੰਦਾ ਹੈ ਜਾਂ ਨਹੀਂ।ਡੋਂਗਇੰਗ ਸਿਟੀ ਪੁਲਿਸ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਇੱਕ 37 ਸਾਲਾ ਵਿਅਕਤੀ ਨੇ ਪਰਿਵਾਰਕ ਝਗੜੇ ਕਾਰਨ ਆਪਣੀ 38 ਸਾਲਾ ਪਤਨੀ ਦਾ ਕਤਲ ਕਰ ਦਿੱਤਾ ਅਤੇ ਫਿਰ ਉਸ ਨੂੰ ਕਾਰ ਨਾਲ ਭਜਾਇਆ। ਦੋਸ਼ੀ ਨੂੰ ਹਿਰਾਸਤ ’ਚ ਲੈ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਔਨਲਾਈਨ ਵੀਡੀਓ ਸੋਮਵਾਰ ਨੂੰ ਵਾਇਰਲ ਹੋ ਗਿਆ ਸੀ ਅਤੇ ਬੁੱਧਵਾਰ ਸਵੇਰ ਤੱਕ, ਇਹ ਕੇਸ 300 ਮਿਲੀਅਨ ਵਿਯੂਜ਼ ਦੇ ਨਾਲ ਚੀਨ ਦੇ ਟਵਿੱਟਰ-ਵਰਗੇ ਵੇਈਬੋ ’ਤੇ ਇੱਕ ਪ੍ਰਮੁੱਖ ਰੁਝਾਨ ਵਾਲਾ ਵਿਸ਼ਾ ਬਣ ਗਿਆ ਸੀ।ਕਈ ਲੋਕਾਂ ਨੇ ਇਸ ਹਮਲੇ ਨੂੰ ਵਹਿਸ਼ੀਆਨਾ ਕਰਾਰ ਦਿੱਤਾ ਹੈ। ਪਿਛਲੇ ਮਹੀਨੇ, ਦੱਖਣੀ ਸੂਬੇ ਗੁਆਂਗਡੋਂਗ ਵਿੱਚ ਇੱਕ ਵਿਅਕਤੀ ਨੇ ਆਪਣੀ ਪਤਨੀ ਅਤੇ ਆਪਣੀ ਸਾਲੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। , ਉਸਦੇ ਪਰਿਵਾਰ ਨੇ ਸਰਕਾਰੀ ਮੀਡੀਆ ਆਉਟਲੇਟ ਦਿ ਪੇਪਰ ਨੂੰ ਦੱਸਿਆ ਕਿ ਪਤਨੀ ਕਥਿਤ ਤੌਰ ’ਤੇ ਸਾਲਾਂ ਤੋਂ ਘਰੇਲੂ ਹਿੰਸਾ ਤੋਂ ਪੀੜਤ ਸੀ ਅਤੇ ਆਪਣੇ ਪਤੀ ਤੋਂ ਤਲਾਕ ਚਾਹੁੰਦੀ ਸੀ।ਪਿਛਲੇ ਹਫ਼ਤੇ ਇੱਕ ਹੋਰ ਮਾਮਲਾ ਸਾਹਮਣੇ ਆਇਆ ਸੀ, ਜਿਸ ਵਿੱਚ ਚੇਂਗਦੂ ਦੇ ਦੱਖਣ-ਪੱਛਮੀ ਮਹਾਂਨਗਰ ਦੀ ਇੱਕ ਔਰਤ ਅਪ੍ਰੈਲ ਵਿੱਚ ਇੱਕ ਹੋਟਲ ਦੇ ਕਮਰੇ ਵਿੱਚ ਮ੍ਰਿਤਕ ਪਾਈ ਗਈ ਸੀ।ਪਤਨੀ ਤਲਾਕ ਲੈਣਾ ਚਾਹੁੰਦੀ ਸੀ ਜਿਸ ਕਾਰਨ ਪਤੀ ਨੇ ਉਸ ਦਾ ਕਤਲ ਕਰ ਦਿੱਤਾ।



# ਨਿਊਜ਼ੀਲੈਂਡ ਨੇ ਸੁਪਰਮਾਰਕੀਟਾਂ 'ਚ ਪਲਾਸਟਿਕ ਬੈਗਾਂ ਦੀ ਵਰਤੋਂ 'ਤੇ ਲਾਈ ਪਾਬੰਦੀ



ਵੈਲਿੰਗਟਨ- ਨਿਊਜ਼ੀਲੈਂਡ ਸੁਪਰਮਾਰਕੀਟਾਂ ਵਿੱਚ ਪਲਾਸਟਿਕ ਦੇ ਥੈਲਿਆਂ 'ਤੇ ਪਾਬੰਦੀ ਵਧਾਉਣ ਵਾਲਾ ਦੁਨੀਆਂ ਦਾ ਪਹਿਲਾ ਦੇਸ਼ ਬਣ ਗਿਆ ਹੈ। ਪਾਬੰਦੀ ਵਿੱਚ ਫਲ ਅਤੇ ਸਬਜ਼ੀਆਂ ਰੱਖਣ ਲਈ ਵਰਤੇ ਜਾਣ ਵਾਲੇ ਪਤਲੇ ਬੈਗ ਵੀ ਸ਼ਾਮਲ ਹਨ। ਇਹ ਕਦਮ ਜੋ 1 ਜੁਲਾਈ (ਸ਼ਨੀਵਾਰ) ਤੋਂ ਲਾਗੂ ਹੋਇਆ, ਸਿੰਗਲ-ਯੂਜ਼ ਪਲਾਸਟਿਕ ਖ਼ਿਲਾਫ਼ ਸਰਕਾਰ ਦੀ ਵਿਸ਼ਾਲ ਮੁਹਿੰਮ ਵਿੱਚ ਇੱਕ ਮਹੱਤਵਪੂਰਨ ਪ੍ਰਗਤੀ ਨੂੰ ਦਰਸਾਉਂਦਾ ਹੈ।2019 ਵਿੱਚ ਦੇਸ਼ ਨੇ ਘਰ ਲਿਜਾਣ ਵਾਲੇ ਪਲਾਸਟਿਕ ਬੈਗਾਂ 'ਤੇ ਪਾਬੰਦੀ ਦੀ ਸ਼ੁਰੂਆਤ ਕੀਤੀ। ਉਦੋਂ ਤੋਂ ਨਿਊਜ਼ੀਲੈਂਡ ਦੇ ਜ਼ਿਆਦਾਤਰ ਖਰੀਦਦਾਰ ਦੁਕਾਨਾਂ 'ਤੇ ਜਾਣ ਵੇਲੇ ਆਪਣੇ ਖੁਦ ਦੇ ਬੈਗ ਲਿਜਾ ਰਹੇ ਹਨ। ਐਸੋਸੀਏਟ ਵਾਤਾਵਰਣ ਮੰਤਰੀ ਰੇਚਲ ਬਰੂਕਿੰਗ ਨੇ ਕਿਹਾ ਕਿ ਨਿਊਜ਼ੀਲੈਂਡ ਬਹੁਤ ਜ਼ਿਆਦਾ ਰਹਿੰਦ-ਖੂੰਹਦ ਅਤੇ ਪਲਾਸਟਿਕ ਕਚਰਾ ਪੈਦਾ ਕਰਦਾ ਹੈ,। ਉਹਨਾਂ ਨੇ ਕਿਹਾ ਕਿ 2019 ਵਿੱਚ ਲਗਾਈ ਗਈ ਮੋਟੇ ਬੈਗਾਂ 'ਤੇ ਪਾਬੰਦੀ ਨੇ ਇੱਕ ਅਰਬ ਤੋਂ ਵੱਧ ਪਲਾਸਟਿਕ ਦੇ ਥੈਲਿਆਂ ਨੂੰ ਪ੍ਰਚਲਨ ਤੋਂ ਰੋਕ ਦਿੱਤਾ ਹੈ। ਏਜੰਸੀ ਮੁਤਾਬਕ ਇਸ ਸੱਭਿਆਚਾਰਕ ਤਬਦੀਲੀ ਨੇ ਦੇਸ਼ ਵਿੱਚ ਪਲਾਸਟਿਕ ਦੇ ਕਚਰੇ ਨੂੰ ਘੱਟ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਨਵੇਂ ਕਦਮ ਨਾਲ ਪ੍ਰਤੀ ਸਾਲ ਲਗਭਗ 150 ਮਿਲੀਅਨ ਪਲਾਸਟਿਕ ਬੈਗ ਦੀ ਵਰਤੋਂ ਨੂੰ ਰੋਕਣ ਦਾ ਅਨੁਮਾਨ ਹੈ।ਹਾਲਾਂਕਿ ਕੁਝ ਆਲੋਚਕਾਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਖਪਤਕਾਰ ਡਿਸਪੋਜ਼ੇਬਲ ਪੇਪਰ ਬੈਗਾਂ ਦਾ ਸਹਾਰਾ ਲੈ ਸਕਦੇ ਹਨ, ਜੋ ਅਜੇ ਵੀ ਸੁਪਰਮਾਰਕੀਟਾਂ ਵਿੱਚ ਉਪਲਬਧ ਹਨ।

# ਇਟਲੀ 'ਚ ਓਪਨ ਕਬੱਡੀ ਚੈਂਪੀਅਨਸ਼ਿਪ 9 ਨੂੰ

ਮਿਲਾਨ (ਇਟਲੀ),- ਇਟਲੀ ਦੇ ਵਰਦੇਲੋ ਵਿਖੇ ਓਪਨ ਕਬੱਡੀ ਚੈਂਪੀਅਨਸ਼ਿਪ ਦੇ ਮੁਕਾਬਲੇ 9 ਜੁਲਾਈ ਨੂੰ ਕਰਵਾਏ ਜਾਣਗੇ। ਇਟਾਲੀਅਨ ਕਬੱਡੀ ਐਸੋਸ਼ੀਏਸ਼ਨ ਪ੍ਰਬੰਧਕਾਂ ਨੇ ਤਿਆਰੀ ਦਾ ਜਾਇਜ਼ਾ ਲੈਂਦੇ ਹੋਏ ਦੱਸਿਆ ਕਿ ਗਰਾਊਂਡ ਵਿੱਚ ਦਰਸ਼ਕਾਂ ਅਤੇ ਖਿਡਾਰੀਆਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਅਗਾਂਹ ਤੋਂ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਇੱਥੋਂ ਦੇ ਸ਼ਹਿਰ ਗਿਸਾਲਬਾ ਵਿਖੇ ਇਟਾਲੀਅਨ ਕਬੱਡੀ ਐਸੋਸ਼ੀਏਸ਼ਨ ਇਟਲੀ ਦੀ ਇਕੱਤਰਤਾ ਮੌਕੇ ਪ੍ਰਧਾਨ ਸੁਖਮੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਕਬੱਡੀ ਕੱਪ ਨੂੰ ਸਫਲ ਕਰਵਾਉਣ ਲਈ ਵੱਖ-ਵੱਖ ਵਿਚਾਰਾਂ ਕੀਤੀਆਂ ਗਈਆਂ ਅਤੇ ਡਿਊਟੀਆਂ ਵੰਡੀਆਂ ਗਈਆਂ। ਇਟਾਲੀਅਨ ਕਬੱਡੀ ਐਸੋਸ਼ੀਏਸ਼ਨ ਇਟਲੀ ਦੇ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 9 ਜੁਲਾਈ ਨੂੰ ਨੈਸ਼ਨਲ ਅਤੇ ਸਰਕਲ ਕਬੱਡੀ ਦੀਆਂ 24 ਟੀਮਾਂ ਹਿੱਸਾ ਲੈ ਰਹੀਆਂ ਹਨ। ਜਿਸ ਵਿੱਚ ਪਹਿਲਾ ਇਨਾਮ 3100 ਯੂਰੋ ਅਤੇ ਦੂਜਾ ਇਨਾਮ 2500 ਯੂਰੋ ਦਿੱਤਾ ਜਾਵੇਗਾ। ਕੁੜੀਆਂ ਦੀ ਨੈਸ਼ਨਲ ਕਬੱਡੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ।

# ਯੂਨਾਈਟਿਡ ਸਿੱਖਜ਼ ਦੇ ਹਰਦਿਆਲ ਸਿੰਘ ਨੂੰ ਮਿਲਿਆ ਇੰਟਰਨੈਸ਼ਨਲ 'ਸਿੱਖ ਆਫ਼ ਦਾ ਈਅਰ ਐਵਾਰਡ'

ਚੰਡੀਗੜ੍ਹ- ਯੂਨਾਈਟਿਡ ਸਿੱਖਜ਼ ਦੇ ਪ੍ਰੋਗਰਾਮ ਡਾਇਰੈਕਟਰ ਹਰਦਿਆਲ ਸਿੰਘ ਨੂੰ ਬਰਮਿੰਘਮ, ਯੂਨਾਈਟਿਡ ਕਿੰਗਡਮ ਵਿੱਚ ਆਯੋਜਿਤ ਦੂਜੇ ਬ੍ਰਿਟਿਸ਼ 'ਸਿੱਖ ਐਵਾਰਡ' 2023 ਸਮਾਰੋਹ ਵਿੱਚ ਵੱਕਾਰੀ ਇੰਟਰਨੈਸ਼ਨਲ ਸਿੱਖ ਆਫ ਦਿ ਈਅਰ ਐਵਾਰਡਜ਼ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਦੌਰਾਨ ਅਸਾਧਾਰਨ ਕੰਮ ਕਰਨ ਵਾਲੇ ਸਿੱਖਾਂ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਦੇ ਉਦੇਸ਼ ਨਾਲ ਸੈਂਕੜੇ ਨਾਮਜ਼ਦਗੀਆਂ ਵਿੱਚੋਂ ਪੁਰਸਕਾਰ ਜੇਤੂਆਂ ਦੀ ਚੋਣ ਕੀਤੀ ਜਾਂਦੀ ਹੈ। ਸਾਡੇ ਯੂਨਾਈਟਿਡ ਕਿੰਗਡਮ ਚੈਪਟਰ ਤੋਂ ਯੂਨਾਈਟਿਡ ਸਿੱਖਸ ਦੀ ਡਾਇਰੈਕਟਰ ਪਲਵਿੰਦਰ ਕੌਰ ਨੇ ਹਰਦਿਆਲ ਸਿੰਘ ਦੀ ਤਰਫੋਂ ਇਹ ਪੁਰਸਕਾਰ ਪ੍ਰਾਪਤ ਕੀਤਾ।1997 ਵਿੱਚ, ਹਰਦਿਆਲ ਸਿੰਘ ਸਮੇਤ ਨੌਜਵਾਨ ਸਿੱਖ ਪੇਸ਼ੇਵਰਾਂ ਦਾ ਇੱਕ ਸਮੂਹ, ਨਿਊਯਾਰਕ ਸਿਟੀ ਦੇ ਕੁਈਨਜ਼ ਬੋਰੋ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੀ ਮਦਦ ਲਈ ਇਕੱਠੇ ਹੋਏ। ਸਾਲ 1999 ਵਿੱਚ ਇਸ ਨੇ ਇੱਕ ਰਜਿਸਟਰਡ ਗੈਰ-ਲਾਭਕਾਰੀ ਸੰਸਥਾ ਦਾ ਰੂਪ ਲੈ ਲਿਆ, ਜਿਸ ਤੋਂ ਯੂਨਾਈਟਿਡ ਸਿੱਖਜ਼ ਦਾ ਜਨਮ ਹੋਇਆ।ਇਸ ਮੌਕੇ ਹਰਦਿਆਲ ਸਿੰਘ ਨੇ ਕਿਹਾ ਕਿ ਸਾਡਾ ਪਹਿਲਾ ਵੱਡਾ ਮਿਸ਼ਨ ਸਾਲ 2004 ਵਿੱਚ ਆਇਆ ਸੀ, ਜਦੋਂ ਅਸੀਂ ਹਿੰਦ ਮਹਾਸਾਗਰ ਵਿੱਚ ਵਿਨਾਸ਼ਕਾਰੀ ਸੁਨਾਮੀ ਤੋਂ ਬਾਅਦ ਭਾਰਤ, ਸ਼੍ਰੀਲੰਕਾ ਤੇ ਇੰਡੋਨੇਸ਼ੀਆ ਵਿੱਚ



ਲੰਗਰ ਕੈਂਪ ਸਥਾਪਤ ਕੀਤੇ ਅਤੇ ਰਾਹਤ ਸਮੱਗਰੀ ਵੰਡੀ। ਇਸ ਤੋਂ ਬਾਅਦ 2004-06 ਵਿੱਚ, ਯੂਨਾਈਟਿਡ ਸਿੱਖਜ਼ ਦੀਆਂ ਕਾਨੂੰਨੀ ਟੀਮਾਂ ਨੇ ਫਰਾਂਸ, ਬੈਲਜ਼ੀਅਮ ਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖਾਂ ਲਈ ਕਈ ਇਤਿਹਾਸਕ ਸਿਵਲ ਤੇ ਮਨੁੱਖੀ ਅਧਿਕਾਰਾਂ ਦੀਆਂ ਜਿੱਤਾਂ ਜਿੱਤੀਆਂ, ਜਿਸ ਨਾਲ ਅੰਤਰਰਾਸ਼ਟਰੀ ਸਿਵਲ ਤੇ ਮਨੁੱਖੀ ਅਧਿਕਾਰਾਂ ਦੀ ਵਕਾਲਤ (ਆਈਸੀਐਚਆਰਏ) ਨੂੰ ਰੂਪ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਸਾਲਾਂ ਦੌਰਾਨ ਸੰਸਥਾ ਨੂੰ ਇੱਕ ਮਾਨਵਤਾਵਾਦੀ ਸਹਾਇਤਾ ਸੰਸਥਾ ਵਜੋਂ ਮਾਨਤਾ ਦਿੱਤੀ ਗਈ ਹੈ, ਜਿਸ ਕਾਰਨ 2007 ਵਿੱਚ ਸੰਯੁਕਤ ਰਾਸ਼ਟਰ, ਜਨਤਕ ਸੂਚਨਾ ਵਿਭਾਗ (ਡੀਪੀਆਈ) ਤੇ ਗੈਰ-ਸਰਕਾਰੀ ਸੰਸਥਾਵਾਂ (ਐਨਜੀਓ) ਨਾਲ ਇਸਦੀ ਮਾਨਤਾ ਤੇ ਸਹਿਯੋਗ ਹੋਇਆ ਹੈ।

# ਦੱਖਣੀ-ਪੱਛਮੀ ਚੀਨ 'ਚ ਮੀਂਹ ਦਾ ਕਹਿਰ, ਹੜ੍ਹ ਕਾਰਨ 15 ਮੌਤਾਂ



ਬੀਜਿੰਗ- ਦਖਣੀ-ਪਛਮੀ ਚੀਨ ਦੇ ਪਹਾੜੀ ਇਲਾਕਿਆਂ 'ਚ ਮੌਸਮੀ ਮੋਹਲੇਧਾਰ ਮੀਂਹ ਕਾਰਨ ਆਏ ਹੜ੍ਹ 'ਚ ਘੱਟ ਤੋਂ ਘੱਟ 15 ਲੋਕਾਂ ਦੀ ਜਾਨ ਚਲੀ ਗਈ। ਅਧਿਕਾਰੀਆਂ ਨੇ ਬੁਧਵਾਰ ਨੂੰ ਇਹ ਜਾਣਕਾਰੀ ਦਿਤੀ। ਸਥਾਨਕ ਸਰਕਾਰ ਦੀ ਵੈੱਬਸਾਈਟ ਅਨੁਸਾਰ, 3.1 ਕਰੋੜ ਦੀ ਆਬਾਦੀ ਵਾਲੇ ਵਿਸ਼ਾਲ ਪਹਾੜੀ ਇਲਾਕੇ ਚੋਂਗਕਿੰਗ 'ਚ ਸਵੇਰੇ ਤਕ ਚਾਰ ਵਿਅਕਤੀਆਂ ਦੇ ਲਾਪਤਾ ਹੋਣ ਦੀ ਖ਼ਬਰ ਵੀ ਸੀ।ਦੇਸ਼ ਦੇ ਹੋਰ ਹਿੱਸਿਆਂ 'ਚ ਵੀ ਕੁਝ ਅਜਿਹੇ ਹੀ ਹਾਲਾਤ ਹਨ ਪਰ ਚੋਂਗਕਿੰਗ 'ਚ ਹੜ੍ਹ ਘਾਤਕ ਲਗ ਰਹੇ ਹਨ ਜਿੱਥੋਂ ਹੁਣ ਤਕ ਹਜ਼ਾਰਾਂ ਲੋਕਾਂ ਨੂੰ ਕਢ ਕੇ ਸੁਰਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਚੁਕਾ ਹੈ। ਦਖਣੀ-ਪਛਮੀ ਸੂਬੇ ਸਿਚੁਆਨ 'ਚ ਹੜ੍ਹਾਂ ਕਾਰਨ 85 ਹਜ਼ਾਰ ਤੋਂ ਵੱਧ ਲੋਕਾਂ ਨੂੰ ਕੱਢ ਕੇ ਸੁਰਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।ਚੋਂਗਕਿੰਗ 'ਚ ਹੜ੍ਹਾਂ ਦੀ ਚੇਤਾਵਨੀ ਦਾ ਪੱਧਰ ਚਾਰ ਤੋਂ ਵਧਾ ਕੇ ਤਿੰਨ ਕਰ ਦਿਤਾ ਗਿਆ ਹੈ, ਜੋ ਸੰਕਟ ਦੀ ਵਧਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਸਰਕਾਰੀ ਵੈੱਬਸਾਈਟਾਂ 'ਤੇ ਦਰਸਾਈਆਂ ਤਸਵੀਰਾਂ 'ਚ ਬਚਾਅ ਟੀਮ ਕਿਸ਼ਤੀ 'ਚ ਸਵਾਰ ਹੋ ਕੇ ਪਿੰਡ ਵਾਸੀਆਂ ਨੂੰ ਸੁਰਖਿਅਤ ਥਾਂ 'ਤੇ ਲੈ ਕੇ ਜਾਂਦੇ ਅਤੇ ਕਾਰਕੁਨ ਜ਼ਮੀਨ ਖਿਸਕਣ ਕਾਰਨ ਰੁਕੀਆਂ ਸੜਕਾਂ ਨੂੰ ਸਾਫ਼ ਕਰਦੇ ਦਿਸ ਰਹੇ ਹਨ।ਹਰ ਸਾਲ ਚੀਨ ਦੇ ਵੱਡੇ ਹਿੱਸੇ 'ਚ ਮੌਸਮੀ ਹੜ੍ਹ ਆਉਂਦੇ ਹਨ, ਖ਼ਾਸ ਕਰ ਕੇ ਦਖਣੀ ਖੇਤਰ 'ਚ। ਇਸ ਸਾਲ ਕੁਝ ਉੱਤਰੀ ਇਲਾਕਿਆਂ 'ਚ ਵੀ 50 ਸਾਲ ਤੋਂ ਸਭ ਤੋਂ ਭਿਆਨਕ ਹੜ੍ਹਾਂ ਦੀਆਂ ਖ਼ਬਰਾਂ ਹਨ। 2021 'ਚ ਮੱਧ ਸੂਬੇ ਹੇਨਾਨ 'ਚ ਮੀਂਹ ਅਤੇ ਹੜ੍ਹ ਸਬੰਧੀ ਕਾਰਨਾਂ ਕਾਰਨ 300 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਉਸੇ ਸਾਲ 20 ਜੁਲਾਈ ਨੂੰ ਸੂਬੇ ਦੀ ਰਾਜਧਾਨੀ ਝੇਂਗਝੋਊ 'ਚ ਰੀਕਾਰਡ ਮੀਂਹ ਪਿਆ ਸੀ, ਜਿਸ ਨਾਲ ਸੜਕਾਂ ਉਫ਼ਨਦੀਆਂ ਨਦੀਆਂ 'ਚ ਤਬਦੀਲ ਹੋ ਗਈਆਂ ਸਨ ਅਤੇ ਥਾਂ-ਥਾਂ ਪਾਣੀ ਭਰ ਗਿਆ ਸੀ।

# ਮਾਣਹਾਨੀ ਮਾਮਲੇ 'ਚ ਰਾਹੁਲ ਗਾਂਧੀ ਨੂੰ ਝਾਰਖੰਡ ਹਾਈਕੋਰਟ ਤੋਂ ਰਾਹਤ

ਨਵੀਂ ਦਿੱਲੀ- ਝਾਰਖੰਡ ਹਾਈਕੋਰਟ ਨੇ ਮੋਦੀ ਸਰਨੇਮ ਮਾਣਹਾਨੀ ਮਾਮਲੇ ਵਿੱਚ ਫਸੇ ਰਾਹੁਲ ਗਾਂਧੀ ਨੂੰ ਵੱਡੀ ਰਾਹਤ ਦਿੱਤੀ ਹੈ। ਹਾਈਕੋਰਟ ਨੇ ਮੰਗਲਵਾਰ 4 ਜੁਲਾਈ ਨੂੰ ਸੁਣਵਾਈ ਕਰਦੇ ਹੋਏ ਰਾਹੁਲ ਗਾਂਧੀ ਦੇ ਖਿਲਾਫ ਦੰਡਕਾਰੀ ਕਾਰਵਾਈ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਸ਼ਿਕਾਇਤਕਰਤਾ ਨੂੰ ਜਵਾਬ ਦਾਖਲ ਕਰਨ ਲਈ 2 ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਇਸ ਮਾਮਲੇ ਦੀ ਸੁਣਵਾਈ ਹੁਣ 16 ਅਗਸਤ ਨੂੰ ਹੋਵੇਗੀ। ਰਾਹੁਲ ਗਾਂਧੀ ਖਿਲਾਫ ਮਾਣਹਾਨੀ ਦੇ ਮਾਮਲੇ ਦੀ ਸੁਣਵਾਈ ਝਾਰਖੰਡ ਹਾਈ ਕੋਰਟ ਦੇ ਜਸਟਿਸ ਸੰਜੇ ਕੁਮਾਰ ਦਿਵੇਦੀ ਦੀ ਅਦਾਲਤ 'ਚ ਹੋਈ।



ਸੁਣਵਾਈ ਦੌਰਾਨ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਅਦਾਲਤ ਨੇ ਪਟੀਸ਼ਨਰ ਪ੍ਰਦੀਪ ਮੋਦੀ ਨੂੰ ਜਵਾਬ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਰਾਹੁਲ ਗਾਂਧੀ ਨੂੰ ਰਾਹਤ ਦਿੰਦਿਆਂ ਅਦਾਲਤ ਨੇ ਅਗਲੀ ਸੁਣਵਾਈ ਤਕ ਕਿਸੇ ਵੀ ਦੰਡਕਾਰੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਦੱਸ ਦੇਈਏ ਕਿ ਸਾਲ 2019 'ਚ ਕਰਨਾਟਕ 'ਚ ਇਕ ਜਨ ਸਭਾ ਦੌਰਾਨ ਰਾਹੁਲ ਗਾਂਧੀ ਨੇ ਆਪਣੇ ਇਕ ਬਿਆਨ 'ਚ ਕਿਹਾ ਸੀ ਕਿ 'ਸਾਰੇ ਚੋਰਾਂ ਦਾ ਸਰਨੇਮ ਮੋਦੀ ਕਿਉਂ ਹੈ?' ਰਾਹੁਲ ਗਾਂਧੀ ਦੇ ਬਿਆਨ ਤੋਂ ਬਾਅਦ ਦੇਸ਼ 'ਚ ਵੱਖ-ਵੱਖ ਥਾਵਾਂ 'ਤੇ ਉਨ੍ਹਾਂ 'ਤੇ ਮਾਣਹਾਨੀ ਦੇ ਕੇਸ ਦਰਜ ਕੀਤੇ ਗਏ ਸਨ। ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਬਿਆਨ ਲਈ ਸੂਰਤ ਸੈਸ਼ਨ ਕੋਰਟ ਨੇ ਦੋ ਸਾਲ ਦੀ ਸਜ਼ਾ ਸੁਣਾਈ ਹੈ। ਇਸ ਕਾਰਨ ਰਾਹੁਲ ਗਾਂਧੀ ਲੋਕ ਪ੍ਰਤੀਨਿਧਤਾ ਕਾਨੂੰਨ ਤਹਿਤ ਸੰਸਦ ਦੀ ਮੈਂਬਰਸ਼ਿਪ ਗੁਆ ਬੈਠੇ। ਰਾਂਚੀ 'ਚ ਭਾਜਪਾ ਨੇਤਾ ਪ੍ਰਦੀਪ ਮੋਦੀ ਨੇ ਰਾਹੁਲ ਗਾਂਧੀ 'ਤੇ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਹੈ। ਇਸ ਮਾਮਲੇ ਦੀ ਸੁਣਵਾਈ ਸੰਸਦ ਮੈਂਬਰ-ਵਿਧਾਇਕ ਅਦਾਲਤ ਵਿੱਚ ਚੱਲ ਰਹੀ ਸੀ। ਸੰਸਦ ਮੈਂਬਰ ਅਦਾਲਤ ਨੇ ਰਾਹੁਲ ਗਾਂਧੀ ਨੂੰ ਨਿੱਜੀ ਤੌਰ 'ਤੇ ਅਦਾਲਤ 'ਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਸੀ। ਅਦਾਲਤ ਦੇ ਇਸ ਫੈਸਲੇ ਨੂੰ ਰਾਹੁਲ ਗਾਂਧੀ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਇਸ ਮਾਮਲੇ ਵਿੱਚ ਅੱਜ ਹਾਈਕੋਰਟ ਨੇ ਸੁਣਵਾਈ ਕੀਤੀ ਗਈ।

# ਵ੍ਹਾਈਟ ਹਾਊਸ ’ਚ ਸੰਗੀਤ ਅਤੇ ਆਤਿਸ਼ਬਾਜ਼ੀ ਨਾਲ ਮਨਾਇਆ ਸੁਤੰਤਰਤਾ ਦਿਵਸ

## ਅਸੀਂ ਸਾਰੇ ਆਪਣੇ ਲੋਕਤੰਤਰ ਦੇ ਜ਼ਰੂਰੀ ਕੰਮਾਂ ਲਈ ਆਪਣੇ ਆਪ ਨੂੰ ਸਮਰਪਿਤ ਕਰਾਂਗੇ : ਬਾਈਡੇਨ



ਵਾਸ਼ਿੰਗਟਨ- ਰਾਸ਼ਟਰਪਤੀ ਜੋਅ ਬਾਈਡੇਨ ਅਤੇ ਪਹਿਲੀ ਮਹਿਲਾ ਜਿਲ ਬਾਈਡੇਨ ਨੇ ਮੰਗਲਵਾਰ ਸ਼ਾਮ ਨੂੰ ਵਾਈਟ ਹਾਊਸ ਵਾਸ਼ਿੰਗਟਨ ਡੀ.ਸੀ ਵਿਖੇ ਫੌਜੀ ਪਰਿਵਾਰਾਂ ਦੀ ਮੇਜ਼ਬਾਨੀ ਕਰਕੇ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇ ਸੁਤੰਤਰਤਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ। ਇਸ ਵਿੱਚ ਲਾਈਵ ਸੰਗੀਤ ਦੇ ਨਾਲ-ਨਾਲ ਆਤਿਸ਼ਬਾਜ਼ੀ ਵੀ ਕੀਤੀ ਗਈ, ਜੋ ਇੱਕ ਸ਼ਾਨਦਾਰ ਦੇਖਣਯੋਗ ਪ੍ਰਦਰਸ਼ਨੀ ਸੀ। ਇਹ ਸਮਾਗਮ ਸ਼ਾਮ 5 ਵਜੇ ਦੇ ਕਰੀਬ ਸ਼ੁਰੂ ਹੋਇਆ। ਸਾਊਥ ਲਾਅਨ ਤੇ ਸਰਗਰਮ-ਡਿਊਟੀ ਤੇ ਤਾਇਨਾਤ ਨੈਸ਼ਨਲ ਗਾਰਡ ਫੌਜੀ ਪਰਿਵਾਰਾਂ ਦੇ ਨਾਲ ਵ੍ਹਾਈਟ ਹਾਊਸ ਵਿੱਚ ਮੌਜੂਦ ਸਨ। ਇਸ ਮੌਕੇ ਚੈਪਲੇਨ ਜੌਨ ਬਰਕੇਮੇਅਰ ਦੁਆਰਾ ਕੀਤੀ ਪ੍ਰਾਰਥਨਾ ਤੋਂ ਬਾਅਦ ਪਹਿਲ਼ੀ ਮਹਿਲਾ ਰਾਸਟਰਪਤੀ ਦੀ ਪਤਨੀ ਜਿਲ ਬਾਈਡੇਨ ਨੇ ਵ੍ਹਾਈਟ ਹਾਊਸ ਵਿੱਚ ਫੌਜੀ ਪਰਿਵਾਰਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਹਨਾਂ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਤੁਸੀਂ ਬਹਾਦਰ ਅਤੇ ਦਲੇਰ ਹੋ ਅਤੇ ਲਗਭਗ 1% ਅਮਰੀਕੀ ਜਿਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਸੁਰੱਖਿਅਤ ਰੱਖਣ ਦੀ ਚੋਣ ਕੀਤੀ ਹੈ ਅਸੀਂ ਤੁਹਾਡੇ ਦੁਆਰਾ ਕੀਤੇ ਗਏ ਦੇਸ਼ ਦੇ ਕੰਮਾਂ ਦੇ ਲਈ ਸਭ ਲਈ ਅਸੀ ਬਹੁਤ ਧੰਨਵਾਦੀ ਹਾਂ। ਰਾਸ਼ਟਰਪਤੀ ਬਾਈਡੇਨ ਨੇ ਕਿਹਾ ਕਿ ਸੰਯੁਕਤ ਰਾਜ ਇਤਿਹਾਸ ਵਿੱਚ ਇੱਕ ਅਜਿਹਾ ਦੇਸ਼ ਹੈ ਜਿਸਦੀ ਸਥਾਪਨਾ ਇੱਕ ਵਿਚਾਰ ਤੇ ਕੀਤੀ ਗਈ ਸੀ ਜੋ ਸਾਰੇ ਧਰਮਾਂ ਅਤੇ ਲੋਕਾਂ ਨੂੰ ਬਰਾਬਰ ਮੰਨਦਾ ਹੈ।ਇਸ ਮੌਕੇ ਸੰਗੀਤ ਵਿੱਚ ਯੂ.ਐੱਸ ਮਿਲਟਰੀ ਦੇ ਪ੍ਰੀਮੀਅਰ ਬੈਂਡਾਂ, ਗਾਇਕ-ਗੀਤਕਾਰ ਅਤੇ ਅਨੁਭਵੀ ਫੌਜ ਦੀ ਪਤਨੀ ਬੇਕਾ ਰਾਏ ਗ੍ਰੀਨ, ਡੀਜੇ ਡੀ-ਨਾਇਸ, ਗ੍ਰੈਮੀ ਅਵਾਰਡ ਜੇਤੂ ਕੰਟਰੀ ਸੰਗੀਤਕਾਰ ਬ੍ਰਦਰਜ਼ ਓਸਬੋਰਨ ਅਤੇ ਤਿੰਨ ਵਾਰ ਦੇ ਗ੍ਰੈਮੀ ਪੁਰਸਕਾਰ ਜੇਤੂ ਸੰਗੀਤਕਾਰ ਯੋ ਦੁਆਰਾ ਪੇਸ਼ਕਾਰੀ ਦਿੱਤੀ ਗਈ।

# ਦੁਬਈ ਸੁਪਰੀਮ ਕੋਰਟ ਨੇ ਭਾਰਤੀ ਜੋੜੇ ਦੀ ਹੱਤਿਆ ਦੇ ਦੋਸ਼ੀ ਦੀ ਸਜ਼ਾ-ਏ-ਮੌਤ ਬਰਕਰਾਰ ਰੱਖੀ




ਦੁਬਈ- ਇੱਥੇ ਸਾਲ 2020 ਵਿੱਚ ਡਕੈਤੀ ਦੀ ਕੋਸ਼ਿਸ਼ ਦੌਰਾਨ ਭਾਰਤੀ ਜੋੜੇ ਦੀ ਹੱਤਿਆ ਕਰਨ ਦੇ ਦੋਸ਼ੀ ਪਾਕਿਸਤਾਨੀ ਵਿਅਕਤੀ ਵੱਲੋਂ ਮੌਤ ਦੀ ਸਜ਼ਾ ਖ਼ਿਲਾਫ਼ ਦਾਇਰ ਪਟੀਸ਼ਨ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ। 28 ਸਾਲਾ ਉਸਾਰੀ ਮਜ਼ਦੂਰ ਨੂੰ ਪਿਛਲੇ ਸਾਲ ਅਪਰੈਲ ਵਿੱਚ ਦੁਬਈ ਦੀ ਅਦਾਲਤ ਨੇ 40 ਸਾਲਾ ਕਾਰੋਬਾਰੀ ਹਿਰੇਨ ਅਧੀਆ ਅਤੇ ਉਸ ਦੀ ਪਤਨੀ ਵਿਧੀ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਸੀ। ਫੋਰੈਂਸਿਕ ਰਿਪੋਰਟਾਂ ਮੁਤਾਬਕ ਹਿਰੇਨ ਦੇ ਸਿਰ, ਛਾਤੀ, ਪੇਟ ਅਤੇ ਖੱਬੇ ਮੋਢੇ ‘ਤੇ 10 ਵਾਰ ਚਾਕੂ ਮਾਰੇ ਗਏ ਸਨ। ਉਸ ਦੀ ਪਤਨੀ ਦੇ ਸਿਰ, ਗਰਦਨ, ਛਾਤੀ, ਚਿਹਰੇ, ਕੰਨ ਅਤੇ ਸੱਜੀ ਬਾਂਹ ਵਿੱਚ 14 ਵਾਰ ਚਾਕੂ ਮਾਰੇ ਗਏ। ਉਨ੍ਹਾਂ ਦੀ ਵੱਡੀ ਧੀ, ਜਿਸ ਨੂੰ ਮਾਮੂਲੀ ਸੱਟਾਂ ਲੱਗੀਆਂ, ਨੇ ਦੁਬਈ ਪੁਲੀਸ ਨੂੰ ਬੁਲਾਇਆ, ਜਿਸ ਨੇ ਸ਼ਾਰਜਾਹ ਵਿੱਚ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ।

# ਨਿਊਜ਼ੀਲੈਂਡ ਦੀ ਪ੍ਰਮੁੱਖ ਰੀਅਲ ਅਸਟੇਟ ਕੰਪਨੀ ਦੇ ਅਹਿਮ ਅਹੁਦੇ ’ਤੇ ਪਹੁੰਚਿਆ ਗੁਰਜੀਤ ਸੇਖੋਂ



ਆਕਲੈਂਡ- ਅਪਣੀ ਲਗਨ ਤੇ ਮਿਹਨਤ ਸਦਕਾ 39 ਸਾਲਾ ਪੰਜਾਬੀ ਨੌਜੁਆਨ ਗੁਰਜੀਤ ਸੇਖੋਂ ਨੇ ਨਿਊਜ਼ੀਲੈਂਡ ਦੀ ਮਸ਼ਹੂਰ ਰੀਅਲ ਅਸਟੇਟ ਕੰਪਨੀ ਬਾਰਫੁੱਟ ਐਂਡ ਥਾਂਮਪਸਨ ਵਿਚ ਮੈਨੇਜਰ ਦੀ ਉਪਾਧੀ ਹਾਸਲ ਕੀਤੀ ਹੈ, ਗੁਰਜੀਤ ਉਟਾਹੂਹੂ ਬ੍ਰਾਂਚ ਦਾ ਮੈਨੇਜਰ ਬਣਿਆ ਹੈ।ਇਹ ਉਪਲਬਧੀ ਹਾਸਲ ਕਰ ਕੇ ਗੁਰਜੀਤ ਨਿਊਜ਼ੀਲੈਂਡ ਆਉਣ ਵਾਲੇ ਨੌਜੁਆਨਾਂ ਲਈ ਪ੍ਰੇਰਣਾ ਦਾ ਸਰੋਤ ਬਣ ਗਿਆ ਹੈ। ਗੁਰਜੀਤ 2007 ਵਿਚ ਬਤੌਰ ਅੰਤਰ-ਰਾਸ਼ਟਰੀ ਵਿਦਿਆਰਥੀ ਨਿਊਜ਼ੀਲੈਂਡ ਗਿਆ ਸੀ ਅਤੇ ਇੱਥੇ ਉਸ ਨੇ ਆਕਲੈਂਡ ਯੂਨੀਵਰਸਿਟੀ ਤੋਂ ਬਿਜਨਸ ਸਟੱਡੀ ਦਾ ਡਿਪਲੋਮਾ ਕੀਤਾ। ਗੁਰਜੀਤ ਪੰਜਾਬ ਦੇ ਬਾਬਾ ਬੰਦਾ ਸਿੰਘ ਬਹਾਦ ਕਾਲਜ ਤੋਂ ਬੀ,ਟੈੱਕ ਦੀ ਡਿਗਰੀ ਹਾਸਲ ਕਰ ਕੇ ਇੱਥੇ ਪਹੁੰਚਿਆ ਸੀ। ਗੁਰਜੀਤ ਨੇ ਦਸਿਆ ਕਿ ਇਸ ਮੁਕਾਮ ਨੂੰ ਹਾਸਲ ਕਰ ਲਈ ਉਸ ਨੇ ਬਹੁਤ ਮਿਹਨਤ ਕੀਤੀ ਹੈ ਉਸ ਨੇ ਦਸਿਆ ਕਿ ਇਥੇ ਆ ਕੇ ਰੈਸਟੋਰੈਂਟ ਤੋਂ ਲੈ ਕੇ ਟੈਕਨੀਕਲ ਹੈਲਪ ਡੈਸਕ ਅਤੇ ਬਤੌਰ ਟੈਕਸੀ ਡਰਾਈਵਰ ਮਿਹਨਤ ਕੀਤੀ।ਨਿਊਜ਼ੀਲੈਂਡ ਪਹੁੰਚ ਕੇ ਉਸ ਨੇ 2011 ਵਿਚ ਪਹਿਲਾਂ ਅਪਣਾ ਘਰ ਖਰੀਦਿਆ, ਜਿਸ ਰੀਅਲ ਅਸਟੇਟ ਏਜੰਟ ਨੇ ਗੁਰਜੀਤ ਨੂੰ ਘਰ ਵੇਚਿਆ ਸੀ ਉਸ ਨੇ ਗੁਰਜੀਤ ਦੇ ਕੰਮ ਲਈ ਜਜ਼ਬੇ ਨੂੰ ਪਹਿਚਾਣਿਆ ਤੇ ਰੀਅਲ ਅਸਟੇਟ ਫੀਲਡ ਵਿਚ ਆਉਣ ਲਈ ਪ੍ਰੇਰਿਤ ਕੀਤਾ। 2014 ਵਿਚ ਗੁਰਜੀਤ ਨੇ ਉਟਾਹੂਹੂ ਬ੍ਰਾਂਚ ਜੋਇਨ ਕੀਤੀ ਤੇ ਜਲਦ ਹੀ ਉਹ ਟਾਪ ਪ੍ਰਫਾਰਮਰ ਬਣ ਗਿਆ ਤੇ 2015 ਤੱਕ ਨੰਬਰ ਇਕ ਦੇ ਰੀਅਲ ਅਸਟੇਟ ਏਜੰਟਾਂ ਵਿਚ ਸ਼ਾਮਲ ਹੋ ਗਿਆ।

# ਰਾਸ਼ਟਰਪਤੀ ਨੇ ਗੋਂਡਵਾਨਾ ਯੂਨੀਵਰਸਿਟੀ ਦੀ 10ਵੀਂ ਕਨਵੋਕੇਸ਼ਨ ਨੂੰ ਸੰਬੋਧਨ ਕੀਤਾ



ਨਵੀਂ ਦਿੱਲੀ-ਭਾਰਤ ਦੀ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਅੱਜ (5 ਜੁਲਾਈ, 2023) ਮਹਾਰਾਸ਼ਟਰ ਦੇ ਗੜ੍ਹਚਿਰੌਲੀ ਵਿਖੇ ਗੋਂਡਵਾਨਾ ਯੂਨੀਵਰਸਿਟੀ ਦੀ 10ਵੀਂ ਕਨਵੋਕੇਸ਼ਨ ਨੂੰ ਸੰਬੋਧਨ ਕੀਤਾ ਅਤੇ ਸੰਬੋਧਨ ਕੀਤਾ।ਇਸ ਮੌਕੇ ਪ੍ਰਧਾਨ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਸਮਾਜ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਸ ਨੂੰ ਇਹ ਨੋਟ ਕਰਕੇ ਖੁਸ਼ੀ ਹੋਈ ਕਿ ਗੋਂਡਵਾਨਾ ਯੂਨੀਵਰਸਿਟੀ ਨੇ ਸਮਾਵੇਸ਼ੀ, ਲਾਗਤ-ਪ੍ਰਭਾਵਸ਼ਾਲੀ ਅਤੇ ਕੀਮਤੀ ਸਿੱਖਿਆ ਪ੍ਰਦਾਨ ਕਰਨ ਲਈ ਕਈ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਗਿਆਨ, ਤਰਕਸ਼ੀਲ ਪਹੁੰਚ, ਪੇਸ਼ੇਵਰ ਹੁਨਰ ਅਤੇ ਨੈਤਿਕ ਕਦਰਾਂ-ਕੀਮਤਾਂ ਰਾਹੀਂ ਸ਼ਕਤੀ ਪ੍ਰਦਾਨ ਕਰਦੀ ਹੈ। ਉਸਨੇ ਕਿਹਾ ਕਿ ਯੂਨੀਵਰਸਿਟੀ ਨੇ ਇੱਕ ਸਮਾਨ ਵਿਦਿਅਕ ਵਾਤਾਵਰਣ ਪ੍ਰਣਾਲੀ ਬਣਾਉਣ, ਬਹੁ-ਅਨੁਸ਼ਾਸਨੀ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਜੀਵਿਕਾ ਲਈ ਅਕਾਦਮਿਕ ਪ੍ਰੋਗਰਾਮਾਂ ਨੂੰ ਚਲਾਉਣ ਤੇ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਵਿਦਿਅਕ ਪਹਿਲਕਦਮੀਆਂ ਵਿਦਿਆਰਥੀਆਂ ਨੂੰ ਖੇਤਰ ਅਤੇ ਦੇਸ਼ ਦੇ ਟਿਕਾਊ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਤਿਆਰ ਕਰਨਗੀਆਂ।ਰਾਸ਼ਟਰਪਤੀ ਨੇ ਕਿਹਾ ਕਿ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਭਾਈਚਾਰੇ ਤੋਂ ਆਲਮੀ ਸਮੱਸਿਆਵਾਂ ਦਾ ਅਧਿਐਨ ਕਰਨ ਅਤੇ ਹੱਲ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਪਰੰਪਰਾਗਤ ਗਿਆਨ, ਨਵੀਨਤਮ ਤਕਨਾਲੋਜੀ ਅਤੇ ਨਵੀਨਤਾ ਅਤੇ ਖੋਜ ਦੁਆਰਾ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਦੇ ਵਿਗਾੜ ਵਰਗੇ ਸਮਕਾਲੀ ਮੁੱਦਿਆਂ ਤੇ ਚਰਚਾ ਕਰਨਾ ਅਤੇ ਹੱਲ ਲੱਭਣਾ ਉਨ੍ਹਾਂ ਦਾ ਫਰਜ਼ ਹੈ।ਰਾਸ਼ਟਰਪਤੀ ਨੇ ਕਿਹਾ ਕਿ ਸਮਾਜ ਅਤੇ ਦੇਸ਼ ਦੇ ਸਮਾਵੇਸ਼ੀ ਵਿਕਾਸ ਵਿੱਚ ਨੌਜਵਾਨਾਂ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਸਨੇ ਵਿਦਿਆਰਥੀਆਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਦੇ ਹੋਏ ਆਪਣੀਆਂ ਜੜ੍ਹਾਂ, ਆਪਣੀ ਯੂਨੀਵਰਸਿਟੀ ਨਾਲ ਜੁੜੇ ਰਹਿਣ ਦੀ ਸਲਾਹ ਦਿੱਤੀ।

# ਬ੍ਰਿਜ ਭੂਸ਼ਣ ਖ਼ਿਲਾਫ਼ ਸ਼ਿਕਾਇਤਕਰਤਾ ਪਹਿਲੀ ਅਗਸਤ ਤਕ ਜਵਾਬ ਦਾਖ਼ਲ ਕਰੇ: ਅਦਾਲਤ



ਨਵੀਂ ਦਿੱਲੀ -ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਪੋਕਸੋ ਐਕਟ ਮਾਮਲੇ ’ਚ ਅੱਜ ਸੁਣਵਾਈ ਹੋਈ। ਮਾਮਲੇ ਦੀ ਸੁਣਵਾਈ ਕਰਦੇ ਹੋਏ ਪਟਿਆਲਾ ਹਾਊਸ ਕੋਰਟ ਨੇ ਦਿੱਲੀ ਪੁਲਿਸ ਦੀ ਕੈਂਸਲੇਸ਼ਨ ਰਿਪੋਰਟ ’ਤੇ ਨਾਬਾਲਗ ਦੇ ਪਿਤਾ ਨੂੰ ਨੋਟਿਸ ਭੇਜਿਆ ਹੈ। ਅਦਾਲਤ ਦਾ ਕਹਿਣਾ ਹੈ ਕਿ ਅਦਾਲਤ ਨਾਬਾਲਗ ਦਾ ਪੱਖ ਜਾਣਨਾ ਚਾਹੁੰਦੀ ਹੈ। ਨਾਬਾਲਗ ਦਾ ਪੱਖ ਆਉਣ ਤੋਂ ਬਾਅਦ ਹੀ ਅਦਾਲਤ ਕੇਸ ਨੂੰ ਰੱਦ ਕਰਨ ਬਾਰੇ ਫੈਸਲਾ ਲਵੇਗੀ। ਮਾਮਲੇ ਦੀ ਅਗਲੀ ਸੁਣਵਾਈ 1 ਅਗਸਤ ਨੂੰ ਹੋਵੇਗੀ। ਇਸ ਮਾਮਲੇ ਦੀ ਸੁਣਵਾਈ ਅੱਜ ਜੱਜ ਛਵੀ ਕਪੂਰ ਦੀ ਅਦਾਲਤ ਵਿੱਚ ਹੋਈ। ਪਿਛਲੀ ਸੁਣਵਾਈ ਵਿੱਚ ਦਿੱਲੀ ਪੁਲਿਸ ਨੇ ਬ੍ਰਿਜਭੂਸ਼ਣ ਨੂੰ ਕਲੀਨ ਚਿੱਟ ਦਿੰਦੇ ਹੋਏ 550 ਪੰਨਿਆਂ ਦੀ ਕੈਂਸਲੇਸ਼ਨ ਰਿਪੋਰਟ ਦਾਇਰ ਕੀਤੀ ਸੀ। ਰਿਪੋਰਟ ਵਿੱਚ ਬ੍ਰਿਜਭੂਸ਼ਣ ਖ਼ਿਲਾਫ਼ ਦਰਜ ਐੱਫ.ਆਈ.ਆਰ. ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪੁਲਿਸ ਨੇ ਕਿਹਾ ਸੀ ਕਿ ਨਾਬਾਲਗ ਵੱਲੋਂ ਲਗਾਏ ਗਏ ਦੋਸ਼ਾਂ ਵਿੱਚ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ।

# ਸੁਨੀਲ ਜਾਖੜ ਬਣੇ ਪੰਜਾਬ ਭਾਜਪਾ ਦੇ ਪ੍ਰਧਾਨ

ਚੰਡੀਗੜ੍ਹ- ਪੰਜਾਬ ਦੀ ਸਿਆਸਤ ਨਾਲ ਜੁੜੀ ਇਸ ਵੇਲੇ ਦੀ ਵੱਡੀ ਖ਼ਬਰ ਸੁਨੀਲ ਜਾਖੜ ਨੂੰ ਲੈ ਕੇ ਸਾਹਮਣੇ ਆਈ। ਸੁਨੀਲ ਜਾਖੜ ਨੂੰ ਭਾਜਪਾ ਨੇ ਵੱਡੀ ਜ਼ਿੰਮੇਵਾਰੀ ਸੌਂਪਦਿਆਂ ਪੰਜਾਬ ਭਾਜਪਾ ਦਾ ਸੂਬਾ ਪ੍ਰਧਾਨ ਬਣਾਇਆ ਹੈ। ਇਸ ਤੋਂ ਪਹਿਲਾਂ ਬੀਤੇ ਦਿਨ ਅਸ਼ਵਨੀ ਸ਼ਰਮਾ ਦੇ ਅਸਤੀਫ਼ੇ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਸਨ ਪਰ ਦੇਰ ਸ਼ਾਮ ਅਸ਼ਵਨੀ ਸ਼ਰਮਾ ਨੇ ਬਿਆਨ ਦਿੱਤਾ ਸੀ ਕਿ ਭਾਜਪਾ 'ਚ ਅਸਤੀਫ਼ੇ ਦੀ ਰਵਾਇਤ ਨਹੀਂ ਹੈ। ਬੀਤੇ ਦਿਨ ਤੋਂ ਹੀ ਸੁਨੀਲ ਜਾਖੜ ਦੇ ਪੰਜਾਬ ਸੂਬਾ ਪ੍ਰਧਾਨ ਬਣਨ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਸਨ ਜਿਸ 'ਤੇ ਅੱਜ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੇ ਮੋਹਰ ਲਗਾ ਦਿੱਤੀ ਹੈ।



ਸੁਨੀਲ ਜਾਖੜ ਦੇ ਕਾਂਗਰਸ ਤੋਂ ਵੱਖ ਹੋਣ ਦੀ ਗੱਲ ਕਰੀਏ ਤਾਂ 2021 'ਚ ਉਸ ਕੋਲੋਂ ਕਾਂਗਰਸ ਦੀ ਸੂਬਾ ਪ੍ਰਧਾਨਗੀ ਲੈ ਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਇਆ ਗਿਆ ਸੀ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਸਿਆਸੀ ਪੰਡਿਤਾਂ ਦੀ ਮੰਨੀਏ ਤਾਂ ਉਸ ਵੇਲੇ ਕਾਂਗਰਸ ਨੇ ਜਾਖੜ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਲਿਆ ਸੀ। ਹਾਲਾਂਕਿ ਜਾਖੜ ਉਦੋਂ ਵਿਧਾਇਕ ਵੀ ਨਹੀਂ ਸਨ। ਜਾਖੜ ਦਾ ਨਾਂ ਆਉਣ ਤੋਂ ਬਾਅਦ ਕਾਂਗਰਸ ਨੇ ਵਿਧਾਇਕਾਂ ਨਾਲ ਗੱਲਬਾਤ ਕੀਤੀ ਤਾਂ 40 ਤੋਂ ਵਧੇਰੇ ਕਾਂਗਰਸੀ ਵਿਧਾਇਕ ਜਾਖੜ ਦੇ ਨਾਲ ਸਨ ਪਰ ਇਸ ਦੇ ਬਾਵਜੂਦ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਕੀਤਾ। ਇਸ ਮਗਰੋਂ ਸੁਨੀਲ ਜਾਖੜ ਨੇ ਕਾਂਗਰਸ ਤੋਂ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਸਨ। ਭਾਜਪਾ 'ਚ ਸ਼ਾਮਲ ਹੋਣ ਮਗਰੋਂ ਵੀ ਸੁਨੀਲ ਜਾਖੜ ਸਰਗਰਮ ਸਿਆਸਤ ਦਾ ਹਿੱਸਾ ਨਹੀਂ ਰਹੇ। ਹੁਣ ਵੇਖਣਾ ਇਹ ਹੋਵੇਗਾ ਕਿ ਪੰਜਾਬ ਭਾਜਪਾ ਦੀ ਕਮਾਨ ਮਿਲਣ ਮਗਰੋਂ ਸੁਨੀਲ ਜਾਖੜ ਪੰਜਾਬ ਵਿੱਚ ਭਾਜਪਾ ਦੇ ਵਿਸਥਾਰ ਲਈ ਕਿਹੜੇ ਫ਼ੈਸਲਾ ਲੈਂਦੇ ਹਨ।

**ਸੁਨੀਲ ਜਾਖੜ ਦਾ ਹੁਣ ਤੱਕ ਦਾ ਸਿਆਸੀ ਸਫ਼ਰ**

ਭਾਜਪਾ ਨੇ ਸੁਨੀਲ ਜਾਖੜ ਨੂੰ ਵੱਡੀ ਜ਼ਿੰਮੇਵਾਰੀ ਸੌਂਪਦਿਆਂ ਹੋਇਆਂ ਪੰਜਾਬ ਭਾਜਪਾ ਦਾ ਸੂਬਾ ਪ੍ਰਧਾਨ ਬਣਾ ਦਿੱਤਾ ਹੈ। ਇਸ ਦੌਰਾਨ ਜੇਕਰ ਗੱਲ ਸੁਨੀਲ ਜਾਖੜ ਦੇ ਸਿਆਸੀ ਸਫ਼ਰ ਦੀ ਕੀਤੀ ਜਾਵੇ ਤਾਂ ਦੱਸ ਦੇਈਏ ਕਿ ਸੁਨੀਲ ਕੁਮਾਰ ਜਾਖੜ ਦਾ ਜਨਮ 9 ਫਰਵਰੀ, 1954 ਨੂੰ ਕਾਂਗਰਸ ਦੇ ਸੀਨੀਅਰ ਨੇਤਾ ਬਲਰਾਮ ਜਾਖੜ ਦੇ ਘਰ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਪੰਜਕੋਸੀ ਹੈ, ਜੋ ਫਾਜ਼ਿਲਕਾ ਜ਼ਿਲ੍ਹੇ ਦੇ ਅਧੀਨ ਆਉਂਦਾ ਹੈ। ਸੁਨੀਲ ਜਾਖੜ ਇੱਕ ਸਿਆਸੀ ਖ਼ਾਨਦਾਨ ਤੋਂ ਆਉਂਦੇ ਹਨ। ਉਹਨਾਂ ਦੇ ਪਿਤਾ ਬਲਰਾਮ ਜਾਖੜ ਦੋ ਵਾਰ ਲੋਕ ਸਭਾ ਦੇ ਸਪੀਕਰ ਅਤੇ ਨਰਸਿਮਹਾ ਰਾਓ ਦੀ ਸਰਕਾਰ ਦੇ ਸਮੇਂ ਖੇਤੀਬਾੜੀ ਮੰਤਰੀ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਪਿਤਾ 2004 ਤੋਂ 2009 ਤੱਕ ਮੱਧ ਪ੍ਰਦੇਸ਼ ਦੇ ਗਵਰਨਰ ਵੀ ਰਹੇ ਹਨ।

ਸੁਨੀਲ ਜਾਖੜ ਦਾ ਸਿਆਸੀ ਸਫ਼ਰ

ਦੱਸ ਦੇਈਏ ਕਿ ਸੁਨੀਲ ਜਾਖੜ ਨੇ ਸੂਬਾ ਪੱਧਰੀ ਸਿਆਸਤ 'ਚ ਸਾਲ 2002 'ਚ ਕਦਮ ਰੱਖਿਆ ਸੀ, ਜਦੋਂ ਪੰਜਾਬ 'ਚ ਪਹਿਲੀ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਸੀ।

. ਜਾਖੜ ਸਾਲ 2002, 2007 ਅਤੇ 2012 'ਚ ਅਬੋਹਰ ਤੋਂ ਲਗਾਤਾਰ ਤਿੰਨ ਵਾਰ ਵਿਧਾਇਕ ਰਹੇ।

. 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜਾਖੜ ਭਾਜਪਾ ਦੇ ਅਰੁਣ ਨਾਰੰਗ ਹੱਥੋਂ ਹਾਰ ਗਏ ਸਨ।

. 14 ਅਕਤੂਬਰ, 2017 ਨੂੰ ਸਾਬਕਾ ਐੱਮ.ਪੀ. ਵਿਨੋਦ ਖੰਨਾ ਦੀ ਮੌਤ ਹੋ ਜਾਣ ਤੋਂ ਬਾਅਦ ਸੁਨੀਲ ਜਾਖੜ ਭਾਜਪਾ ਦੇ ਸਵਰਨ ਸਲਾਰੀਆ ਨੂੰ 1,93,219 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਲੋਕ ਸਭਾ ਦੇ ਮੈਂਬਰ ਬਣੇ।

. ਸੁਨੀਲ ਜਾਖੜ ਕੈਪਟਨ ਅਮਰਿੰਦਰ ਸਿੰਘ ਦੇ ਕਾਫੀ ਕਰੀਬੀ ਰਹੇ ਹਨ ਅਤੇ ਇੱਕ ਵਾਰ ਚੋਣ ਪ੍ਰਚਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ ਦਾ ਵੱਡਾ ਦਾਅਵੇਦਾਰ ਵੀ ਕਰਾਰ ਦਿੱਤਾ ਸੀ।

. 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਸੁਨੀਲ ਜਾਖੜ ਉਮੀਦਵਾਰ ਸਨ ਪਰ ਭਾਜਪਾ ਦੇ ਸਨੀ ਦਿਓਲ ਨੇ ਉਨ੍ਹਾਂ ਨੂੰ ਹਰਾ ਦਿੱਤਾ ਸੀ।

. ਕਾਂਗਰਸ ਹਾਈ ਕਮਾਂਡ ਦੇ ਕਹਿਣ 'ਤੇ ਸੁਨੀਲ ਜਾਖੜ ਨੇ 2021 'ਚ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ, ਜਿਸ ਤੋਂ ਬਾਅਦ ਨਵਜੋਤ ਸਿੱਧੂ ਨੂੰ ਬਣਾਇਆ ਕਾਂਗਰਸ ਪ੍ਰਧਾਨ।

. ਸੁਨੀਲ ਜਾਖੜ 'ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਬਾਰੇ ਇਤਰਾਜ਼ਯੋਗ ਟਿੱਪਣੀ ਕਰਨ ਦੇ ਦੋਸ਼ ਲੱਗੇ, ਜਿਸ ਨੂੰ ਲੈ ਕੇ ਉਨ੍ਹਾਂ ਨੂੰ ਸਾਰੇ ਅਹੁਦਿਆਂ ਤੋਂ ਮੁਅੱਤਲ ਕੀਤੇ ਜਾਣ ਦਾ ਨੋਟਿਸ ਜਾਰੀ ਕਰ ਦਿੱਤਾ।

. 14 ਮਈ, 2022 ਨੂੰ ਕਾਂਗਰਸ ਨੂੰ ਕਿਹਾ ਅਲਵਿਦਾ।

. 19 ਮਈ 2022 ਨੂੰ ਦਿੱਲੀ ਵਿਖੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ।

. 4 ਜੁਲਾਈ, 2023 ਨੂੰ ਸੁਨੀਲ ਜਾਖੜ ਬਣੇ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ।

# ਖਾਲਿਸਤਾਨ ਸਮਰਥਕਾਂ ਵੱਲੋਂ ਸਾਂਨ ਫਰਾਂਸਿਸਕੋ 'ਚ ਭਾਰਤੀ ਕੌਂਸਲਖਾਨੇ ਨੂੰ ਅੱਗ ਲਾਉਣ ਦੀ ਕੋਸ਼ਿਸ਼




ਨਿਊਯਾਰਕ- ਖ਼ਾਲਿਸਤਾਨ ਸਮਰਥਕਾਂ ਵੱਲੋਂ ਸਾਂਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਦੀ ਅਮਰੀਕੀ ਸਰਕਾਰ ਨੇ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ 'ਅਪਰਾਧਿਕ ਕਾਰਵਾਈ' ਕਰਾਰ ਦਿੱਤਾ ਹੈ। ਕੁਝ ਮਹੀਨਿਆਂ ਦੇ ਅੰਦਰ ਸਾਂਨ ਫਰਾਂਸਿਸਕੋ ਵਿਚ ਕਿਸੇ ਕੂਟਨੀਤਕ ਮਿਸ਼ਨ 'ਤੇ ਅਜਿਹਾ ਦੂਜਾ ਹਮਲਾ ਹੈ। ਖ਼ਾਲਿਸਤਾਨ ਸਮਰਥਕਾਂ ਨੇ ਟਵਿੱਟਰ 'ਤੇ 2 ਜੁਲਾਈ 2023 ਦੀ ਵੀਡੀਓ ਸਾਂਝੀ ਕੀਤੀ, ਜਿਸ ਵਿੱਚ ਕੁਝ ਲੋਕ ਸਾਂਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਦੇਖੇ ਜਾ ਸਕਦੇ ਹਨ। ਵੀਡੀਓ ਵਿੱਚ ਹਿੰਸਾ, ਹਿੰਸਾ ਦਾ ਜਵਾਬ ਹੈ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਕੈਨੇਡਾ ਸਥਿਤ ਖ਼ਾਲਿਸਤਾਨ ਟਾਈਗਰ ਫੋਰਸ (ਕੇਟੀਐੱਫ) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਮੌਤ ਨਾਲ ਸਬੰਧਤ ਖ਼ਬਰਾਂ ਵੀ ਦਿਖਾਈਆਂ ਗਈਆਂ।

ਖਾਲਿਸਤਾਨੀ ਸਮਰਥਕਾਂ ਨੇ ਇੱਕ ਵਾਰ ਫਿਰ ਅਮਰੀਕਾ ਦੇ ਸੈਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਉੱਤੇ ਹਮਲਾ ਕੀਤਾ ਹੈ। ਇਸ ਮਗਰੋਂ ਅਮਰੀਕਾ ਦੇ ਨਾਲ ਹੀ ਭਾਰਤ ਦੀਆਂ ਏਜੰਸੀਆਂ ਅਲਰਟ ਹੋ ਗਈਆਂ ਹਨ। ਸਾਨ ਫਰਾਂਸਿਸਕੋ ਸਮੇਤ ਕੈਨੇਡਾ ਤੇ ਯੂਕੇ ਵਿੱਚ ਭਾਰਤੀ ਸੰਸਥਾਵਾਂ ਨੂੰ ਖਾਲਿਸਤਾਨ ਸਮਰਥਕਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਪ੍ਰਤੀ ਚੌਕਸ ਰਹਿਣ ਲਈ ਕਿਹਾ ਗਿਆ ਹੈ।

ਸੂਤਰਾਂ ਮੁਤਾਬਕ ਇਸ ਹਮਲੇ ਦੀ ਜਾਂਚ ਐਨਆਈਏ ਵੱਲੋਂ ਕੀਤੀ ਜਾਏਗੀ। ਇਸ ਲਈ ਜਲਦ ਹੀ ਐਨਆਈਏ ਦੀ ਟੀਮ ਅਮਰੀਕਾ ਜਾ ਸਕਦੀ ਹੈ। ਕੁਝ ਮਹੀਨੇ ਪਹਿਲਾਂ ਭਾਰਤੀ ਦੂਤਘਰ ਦੇ ਸਾਹਮਣੇ ਹੋਏ ਹਮਲੇ ਦੀ ਜਾਂਚ ਵੀ ਐਨਆਈਏ ਕਰ ਰਹੀ ਹੈ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਜਿਹੜੇ ਲੋਕ ਉਸ ਹਮਲੇ ਵਿੱਚ ਸ਼ਾਮਲ ਸਨ, ਉਹ 2 ਜੁਲਾਈ ਦੇ ਹਮਲੇ ਵਿੱਚ ਵੀ ਸ਼ਾਮਲ ਹੋ ਸਕਦੇ ਹਨ।

ਕੀ ਹੈ ਪੂਰਾ ਮਾਮਲਾ ?

ਸੂਤਰਾਂ ਮੁਤਾਬਕ ਐਨਆਈਏ ਦੀ ਟੀਮ ਜਲਦੀ ਹੀ ਅਮਰੀਕਾ ਜਾ ਸਕਦੀ ਹੈ। ਐਨਆਈਏ ਸੈਨ ਫਰਾਂਸਿਸਕੋ ਵਿੱਚ ਪਹਿਲਾਂ ਭਾਰਤੀ ਕੌਂਸਲੇਟ ਉੱਤੇ ਹੋਏ ਹਮਲੇ ਦੀ ਵੀ ਜਾਂਚ ਕਰ ਰਹੀ ਹੈ। ਦਰਅਸਲ, ਐਤਵਾਰ (2 ਜੁਲਾਈ) ਨੂੰ ਸਾਨ ਫਰਾਂਸਿਸਕੋ ਸਥਿਤ ਭਾਰਤੀ ਦੂਤਘਰ ਵਿੱਚ ਖਾਲਿਸਤਾਨ ਸਮਰਥਕਾਂ ਵੱਲੋਂ ਅਗਜ਼ਨੀ ਦੀ ਕੋਸ਼ਿਸ਼ ਕੀਤੀ ਗਈ ਸੀ। ਅਮਰੀਕਾ ਦੇ ਸਥਾਨਕ ਟੀਵੀ ਚੈਨਲ ਨੇ ਦੱਸਿਆ ਕਿ ਖਾਲਿਸਤਾਨੀਆਂ ਨੇ ਭਾਰਤੀ ਕੌਂਸਲੇਟ ਨੂੰ ਸਵੇਰੇ 1:30 ਵਜੇ ਤੋਂ 2:30 ਵਜੇ ਦਰਮਿਆਨ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਪਰ ਸੈਨ ਫਰਾਂਸਿਸਕੋ ਦੇ ਫਾਇਰ ਵਿਭਾਗ ਨੇ ਜਲਦੀ ਹੀ ਇਸ ਨੂੰ ਬੁਝਾ ਦਿੱਤਾ।

ਹੁਣ 2 ਜੁਲਾਈ ਦੇ ਹਮਲੇ ਦੀ ਜਾਂਚ ਵੀ ਐਨਆਈਏ ਨੂੰ ਸੌਂਪੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਖਾਲਿਸਤਾਨ ਸਮਰਥਕਾਂ ਦੇ ਇੱਕ ਸਮੂਹ ਨੇ 20 ਮਾਰਚ ਨੂੰ ਸੈਨ ਫਰਾਂਸਿਸਕੋ ਵਿੱਚ ਭਾਰਤੀ ਦੂਤਾਵਾਸ ਉੱਤੇ ਹਮਲਾ ਕੀਤਾ ਤੇ ਭੰਨਤੋੜ ਕੀਤੀ ਸੀ। 20 ਮਾਰਚ ਨੂੰ ਭਾਰਤੀ ਦੂਤਘਰ 'ਤੇ ਕੀਤੀ ਗਈ ਭੰਨਤੋੜ ਦੇ ਨਾਲ-ਨਾਲ ਇਨ੍ਹਾਂ ਲੋਕਾਂ ਨੇ ਖਾਲਿਸਤਾਨ ਦੇ ਸਮਰਥਨ 'ਚ ਨਾਅਰੇਬਾਜ਼ੀ ਕੀਤੀ ਸੀ।

ਇੰਨਾ ਹੀ ਨਹੀਂ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵੱਲੋਂ ਲਗਾਏ ਬੈਰੀਕੇਡ ਵੀ ਤੋੜ ਦਿੱਤੇ ਤੇ ਦੂਤਘਰ ਅੰਦਰ ਖਾਲਿਸਤਾਨੀ ਝੰਡੇ ਵੀ ਲਾ ਦਿੱਤੇ। ਹਾਲਾਂਕਿ, ਉਨ੍ਹਾਂ ਝੰਡਿਆਂ ਨੂੰ ਦੂਤਾਵਾਸ ਦੇ ਕਰਮਚਾਰੀਆਂ ਦੁਆਰਾ ਜਲਦੀ ਹੀ ਹਟਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਦਾ ਇੱਕ ਸਮੂਹ ਦੂਤਾਵਾਸ ਵਿੱਚ ਦਾਖਲ ਹੋ ਗਿਆ ਤੇ ਦਰਵਾਜ਼ੇ ਤੇ ਖਿੜਕੀਆਂ ਤੋੜ ਦਿੱਤੀਆਂ।

# ਕੈਪਟਨ ਨੇ ਅੰਸਾਰੀ ਦੇ ਪੁੱਤਰਾਂ ਨੂੰ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅਲਾਟ ਕੀਤੀ: ਮਾਨ



ਚੰਡੀਗੜ੍ਹ- ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖ਼ਤਰਨਾਕ ਗੈਂਗਸਟਰ ਮੁਖ਼ਤਾਰ ਅੰਸਾਰੀ ਨਾਲ ਗੰਢ-ਤੁੱਪ ਸਬੰਧੀ ਸਨਸਨੀਖ਼ੇਜ਼ ਖੁਲਾਸਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਆਖਿਆ ਕਿ ਭਾਜਪਾ ਆਗੂ ਨੇ ਅੰਸਾਰੀ ਦੇ ਪੁੱਤਰਾਂ ਨੂੰ ਰੂਪਨਗਰ ਵਿੱਚ ਵਕਫ ਬੋਰਡ ਦੀ ਮਹਿੰਗੀ ਜ਼ਮੀਨ ਅਲਾਟ ਕੀਤੀ ਸੀ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੈਪਟਨ ਭਾਵੇਂ ਵਾਰ-ਵਾਰ ਅੰਸਾਰੀ ਨੂੰ ਨਾ ਜਾਣਦੇ ਹੋਣ ਦੇ ਦਾਅਵੇ ਕਰ ਰਹੇ ਹਨ ਪਰ ਇਹ ਕਿੰਨੀ ਹੈਰਾਨੀਜਨਕ ਗੱਲ ਹੈ ਕਿ ਕੈਪਟਨ ਸਰਕਾਰ ਨੇ ਇਸ ਗੈਂਗਸਟਰ ਦੀ ਨਾ ਸਿਰਫ਼ ਜੇਲ੍ਹ ਵਿੱਚ ਠਹਿਰ ਨੂੰ ਆਰਾਮਦਾਇਕ ਬਣਾਇਆ, ਸਗੋਂ ਉਸ ਨੂੰ ਰੂਪਨਗਰ ਵਿੱਚ ਮਹਿੰਗੀ ਜ਼ਮੀਨ ਵੀ ਦਿੱਤੀ। ਉਨ੍ਹਾਂ ਕੈਪਟਨ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਦੱਸਣ ਕਿ ਉਨ੍ਹਾਂ ਦੀ ਸਾਂਝ-ਭਿਆਲੀ ਤੋਂ ਬਿਨਾਂ ਰੂਪਨਗਰ ਵਿੱਚ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅੰਸਾਰੀ ਦੇ ਪੁੱਤਰਾਂ ਅੱਬਾਸ ਤੇ ਉਮਰ ਅੰਸਾਰੀ ਨੂੰ ਕਿਵੇਂ ਮਿਲ ਗਈ। ਭਗਵੰਤ ਮਾਨ ਨੇ ਕਿਹਾ ਕਿ ਜੇ ਕੈਪਟਨ ਚਾਹੁੰਦੇ ਹਨ ਤਾਂ ਉਹ ਕੈਪਟਨ ਦੀ ਅੰਸਾਰੀ ਨਾਲ ਸਾਂਝ ਬਾਰੇ ਆਉਣ ਵਾਲੇ ਦਿਨਾਂ ਵਿੱਚ ਹੋਰ ਸਬੂਤ ਵੀ ਦੇ ਦੇਣਗੇ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਖ਼ਤਰਨਾਕ ਗੈਂਗਸਟਰ ਮੁਖ਼ਤਾਰ ਅੰਸਾਰੀ ਦੇ ਮੁੱਦੇ ਬਾਰੇ ਅਣਜਾਣਤਾ ਦਾ ਢਕਵੰਜ ਕਰਨ ਤੋਂ ਪਹਿਲਾਂ ਭਾਜਪਾ ਆਗੂ ਨੂੰ ਆਪਣੇ ਪੁੱਤ ਰਣਇੰਦਰ ਸਿੰਘ ਤੋਂ ਜ਼ਰੂਰ ਪੁੱਛਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਣਇੰਦਰ ਕਈ ਵਾਰ ਅੰਸਾਰੀ ਨੂੰ ਮਿਲਿਆ ਸੀ ਪਰ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਨੂੰ ਗੁਮਰਾਹ ਕਰਨ ਲਈ ਕੈਪਟਨ ਇਸ ਮੁੱਦੇ ਉੱਤੇ ਝੂਠ ਬੋਲ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਅੰਸਾਰੀ ਨੂੰ ਜੇਲ੍ਹ ਵਿੱਚ ਵੀ.ਵੀ.ਆਈ.ਪੀ. ਸਹੂਲਤਾਂ ਦੇਣ ਲਈ ਉੱਤਰ ਪ੍ਰਦੇਸ਼ ਤੋਂ ਪੰਜਾਬ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਉੱਤਰ ਪ੍ਰਦੇਸ਼ ਪੁਲਿਸ ਨੇ ਇਸ ਗੈਂਗਸਟਰ ਦੀ ਹਿਰਾਸਤ ਲੈਣ ਲਈ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਤਾਂ ਪੰਜਾਬ ਸਰਕਾਰ ਨੇ ਉਸ ਨੂੰ ਬਚਾਉਣ ਲਈ ਬਹੁਤ ਜ਼ਿਆਦਾ ਫੀਸ ਉਤੇ ਵਕੀਲਾਂ ਦੀਆਂ ਸੇਵਾਵਾਂ ਲਈਆਂ।

ਮੁੱਖ ਮੰਤਰੀ ਨੇ ਕਿਹਾ ਕਿ ਇਸ 55 ਲੱਖ ਰੁਪਏ ਦੀ ਰਿਕਵਰੀ ਯਕੀਨੀ ਤੌਰ ਉਤੇ ਕੈਪਟਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ ਕੀਤੀ ਜਾਵੇਗੀ। ਕੈਪਟਨ ਦੇ ਦਾਅਵੇ ਕਿ ਉਹ 9.5 ਸਾਲ ਸੂਬੇ ਦੇ ਮੁੱਖ ਮੰਤਰੀ ਰਹੇ ਹਨ, ਉਤੇ ਟਿੱਪਣੀ ਕਰਦਿਆਂ ਭਗਵੰਤ ਮਾਨ ਨੇ ਉਨ੍ਹਾਂ ਨੂੰ ਚੇਤੇ ਕਰਵਾਇਆ ਕਿ ਸਾਬਕਾ ਮੁੱਖ ਮੰਤਰੀ ਨੇ ਆਪਣੇ ਕਾਰਜਕਾਲ ਦੌਰਾਨ ਜਿੰਨਾ ਸਫ਼ਰ ਕੀਤਾ, ਉਨਾ ਤਾਂ ਉਨ੍ਹਾਂ ਮੁੱਖ ਮੰਤਰੀ ਵਜੋਂ ਆਪਣੇ ਡੇਢ ਸਾਲ ਦੇ ਕਾਰਜਕਾਲ ਵਿੱਚ ਹੀ ਕਰ ਲਿਆ।


# ਆਈ.ਆਰ.ਬੀ. ਜਵਾਨ ਦਾ ਘਰ ਫੂਕਿਆ, ਸੁਰੱਖਿਆ ਬਲਾਂ ਨਾਲ ਝੜਪ 'ਚ ਨੌਜਵਾਨ ਦੀ ਮੌਤ



ਇੰਫਾਲ- ਮਨੀਪੁਰ ਦੇ ਥੌਬਲ ਜ਼ਿਲ੍ਹੇ ਵਿੱਚ ਗੁੱਸੇ ਵਿੱਚ ਆਈ ਭੀੜ ਨੇ ਆਈ.ਆਰ.ਬੀ. ਦੇ ਜਵਾਨ ਦੇ ਘਰ ਨੂੰ ਅੱਗ ਲਗਾ ਦਿੱਤੀ। ਘਟਨਾ ਮੰਗਲਵਾਰ ਰਾਤ ਸਮੇਂ ਵਾਪਰੀ। ਇਸ ਤੋਂ ਪਹਿਲਾਂ 700-800 ਲੋਕਾਂ ਦੀ ਭੀੜ ਨੇ ਚਾਰ ਕਿਲੋਮੀਟਰ ਦੂਰ ਵੈਂਗਬਲ ਵਿਖੇ ਆਈ.ਆਰ.ਬੀ. ਕੈਂਪ ਤੋਂ ਹਥਿਆਰ ਲੁੱਟਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਨਤੀਜੇ ਵਜੋਂ ਸੁਰੱਖਿਆ ਬਲਾਂ ਨਾਲ ਝੜਪ ਹੋਈ ਜਿਸ ਵਿੱਚ 27 ਸਾਲਾ ਵਿਅਕਤੀ ਮਾਰਿਆ ਗਿਆ। ਮ੍ਰਿਤਕ ਦੀ ਪਛਾਣ ਰੋਨਾਲਡੋ ਵਜੋਂ ਹੋਈ ਹੈ। ਸੁਰੱਖਿਆ ਬਲਾਂ ਨੇ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪਹਿਲਾਂ ਤਾਂ ਅੱਥਰੂ ਗੈਸ ਅਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਪਰ ਹਥਿਆਰਬੰਦ ਭੀੜ ਨੇ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਜਵਾਬੀ ਗੋਲੀਬਾਰੀ ਕੀਤੀ ਗਈ।

# ਕੈਨੇਡਾ 'ਚ ਇੰਡੋ-ਕੈਨੇਡੀਅਨ 'ਗੈਂਗਸਟਰ' ਦਾ ਗੋਲ਼ੀਆਂ ਮਾਰ ਕੇ ਕਤਲ

ਵਿਕਟੋਰੀਆ- ਕੈਨੇਡਾ 'ਚ ਭਾਰਤੀ ਮੂਲ ਦੇ ਗੈਂਗਸਟਰ ਕਰਨਵੀਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸਥਾਨਕ ਪੁਲਿਸ ਨੇ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਐਤਵਾਰ ਨੂੰ ਇੱਕ 25 ਸਾਲਾ ਭਾਰਤੀ-ਕੈਨੇਡੀਅਨ ਵਿਅਕਤੀ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ, ਜਿਸ ਮਗਰੋਂ ਉਸ ਦੀ ਮੌਤ ਹੋ ਗਈ। ਕੈਨੇਡਾ ਦੀ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐਚ. ਆਈ.ਟੀ.) ਨੇ ਪੀੜਤ ਦੀ ਪਛਾਣ 25 ਸਾਲਾ ਕਰਨਵੀਰ ਸਿੰਘ ਗਰਚਾ ਵਜੋਂ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਕਰਨਵੀਰ ਸਿੰਘ ਗੈਂਗਸਟਰ ਗੈਂਗ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸੀ। ਆਈ.ਐਚ.ਆਈ.ਟੀ. ਦੇ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਰਾਤ 9:20 ਵਜੇ ਦੇ ਕਰੀਬ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਦੀ ਇੱਕ ਟੁਕੜੀ ਕੋਕੁਇਟਲਮ ਕਸਬੇ ਵਿੱਚ ਗੋਲੀਬਾਰੀ ਦੀ ਘਟਨਾ ਵਾਲੀ ਥਾਂ 'ਤੇ ਪਹੁੰਚੀ, ਜਿੱਥੇ ਕਰਨਵੀਰ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਪਾਇਆ ਗਿਆ, ਜਿਸ ਤੋਂ ਬਾਅਦ ਉਸਦੀ ਜਾਨ ਬਚਾਉਣ ਲਈ ਕਾਰਵਾਈ ਕੀਤੀ ਗਈ। ਉਸ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਪਰ ਗੰਭੀਰ ਰੂਪ 'ਚ ਜ਼ਖਮੀ ਕਰਨਵੀਰ ਸਿੰਘ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਗਰਚਾ ਨੂੰ ਗੋਲੀਆਂ ਮਾਰਨ ਤੋਂ ਕੁਝ ਮਿੰਟ ਪਹਿਲਾਂ ਇੱਕ ਕੰਡੋ ਕੰਪਲੈਕਸ ਵਿੱਚ ਛੱਡਿਆ ਗਿਆ ਸੀ। ਆਈ.ਐਚ.ਆਈ.ਟੀ.ਅਧਿਕਾਰੀ ਟਿਮੋਥੀ ਪਿਰੋਟੀ ਨੇ ਕਿਹਾ ਕਿ÷ਅਸੀਂ ਕਰਨਵੀਰ ਸਿੰਘ ਦਾ ਕਤਲ ਕਰਨ ਵਾਲੇ ਮੁਲਜ਼ਮ ਦੀ ਭਾਲ ਕਰ ਰਹੇ ਹਾਂ ਅਤੇ ਉਨ੍ਹਾਂ ਲੋਕਾਂ ਦੀ ਭਾਲ ਕਰ ਰਹੇ ਹਾਂ ਜੋ ਕੁਝ ਦਿਨਾਂ ਤੋਂ ਮ੍ਰਿਤਕ ਗਰਚਾ ਦੇ ਸੰਪਰਕ ਵਿੱਚ ਸਨ, ਜਿਨ੍ਹਾਂ ਵਿੱਚ ਉਸਦਾ ਸਾਬਕਾ ਡਰਾਈਵਰ ਵੀ ਸ਼ਾਮਲ ਹੈ।÷ ਪਿਛਲੇ ਸਾਲ ਦਸੰਬਰ ਵਿੱਚ ਕੈਨੇਡਾ ਦੀ ਸਰੀ ਸਿਟੀ ਪੁਲਿਸ ਨੇ ਕਰਨਵੀਰ ਸਿੰਘ ਗਰਚਾ ਸਮੇਤ ਗੈਂਗਸਟਰ ਗਤੀਵਿਧੀਆਂ ਵਿੱਚ ਸ਼ਾਮਲ ਦੋ ਇੰਡੋ-ਕੈਨੇਡੀਅਨਾਂ ਨੂੰ ਜਨਤਕ ਸੁਰੱਖਿਆ ਚੇਤਾਵਨੀਆਂ ਵੀ ਜਾਰੀ ਕੀਤੀਆਂ ਸਨ। ਉਸ ਸਮੇਂ ਸਰੀ ਦੀ ਆਰਸੀਐਮਪੀ ਪੁਲਿਸ ਨੇ ਇੱਕ ਚੇਤਾਵਨੀ ਵਿੱਚ ਕਿਹਾ ਸੀ ਕਿ ÷ਇਨ੍ਹਾਂ ਲੋਕਾਂ ਦੀਆਂ ਤਾਰਾਂ ਹਾਈ ਪ੍ਰੋਫਾਈਲ ਅਪਰਾਧੀਆਂ ਨਾਲ ਜੁੜੀਆਂ ਹੋਈਆਂ ਹਨ, ਇਸ ਲਈ ਇਹਨਾਂ ਲੋਕਾਂ ਕਾਰਨ ਜਨਤਕ ਸੁਰੱਖਿਆ ਨੂੰ ਖ਼ਤਰਾ ਹੈ, ਇਸ ਲਈ ਇਹ ਚੇਤਾਵਨੀ ਜਾਰੀ ਕੀਤੀ ਜਾ ਰਹੀ ਹੈ।÷ ਪੁਲਿਸ ਦਾ ਮੰਨਣਾ ਹੈ ਕਿ ਕਰਨਵੀਰ ਸਿੰਘ ਦੇ ਕਤਲ ਵਿੱਚ ਉਸ ਨੂੰ ਜਾਣਨ ਵਾਲੇ ਲੋਕ ਹੀ ਸ਼ਾਮਲ ਹੋ ਸਕਦੇ ਹਨ, ਇਸ ਲਈ ਉਸ ਦੇ ਕਰੀਬੀਆਂ ਤੋਂ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਕਰਣਵੀਰ ਜਿਸ ਗਿਰੋਹ ਨਾਲ ਜੁੜਿਆ ਹੋਇਆ ਸੀ, ਉਹ ਲੁੱਟ-ਖੋਹ, ਤਸਕਰੀ, ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਕਈ ਹਿੰਸਕ ਵਾਰਦਾਤਾਂ ਵਿੱਚ ਸ਼ਾਮਲ ਸੀ। ਕਰਨਵੀਰ ਸਿੰਘ ਗਰਚਾ ਇਸ ਸਾਲ ਮਾਰਿਆ ਜਾਣ ਵਾਲਾ ਪਹਿਲਾ ਇੰਡੋ-ਕੈਨੇਡੀਅਨ ਗੈਂਗਸਟਰ ਨਹੀਂ ਹੈ। ਇਸ ਸਾਲ ਮਈ ਵਿੱਚ ਅਮਰਪ੍ਰੀਤ ਸਮਰਾ (28) ਦਾ ਵੈਨਕੂਵਰ ਵਿੱਚ ਇੱਕ ਬੈਂਕੁਏਟ ਹਾਲ ਦੇ ਬਾਹਰ ਕਥਿਤ ਤੌਰ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।




# ਪ੍ਰਧਾਨ ਮੰਤਰੀ ਕਿਸਾਨ ਯੋਜਨਾ 'ਚ ਵੱਡਾ ਬਦਲਾਅ
## ਲਾਭਪਾਤਰੀ ਸਟੇਟਸ ਦੇਖਣ ਦਾ ਤਰੀਕਾ ਪੂਰੀ ਤਰ੍ਹਾਂ ਬਦਲਿਆ



ਨਵੀਂ ਦਿੱਲੀ- ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਲਾਭਪਾਤਰੀਆਂ ਲਈ ਅਹਿਮ ਖਬਰ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ 'ਚ ਕੁਝ ਜ਼ਰੂਰੀ ਬਦਲਾਅ ਕੀਤੇ ਗਏ ਹਨ, ਜਿਸ ਦਾ ਸਿੱਧਾ ਅਸਰ ਦੇਸ਼ ਦੇ 8 ਕਰੋੜ ਤੋਂ ਵੱਧ ਕਿਸਾਨਾਂ 'ਤੇ ਪਵੇਗਾ। ਭਾਰਤ ਸਰਕਾਰ ਜਲਦੀ ਹੀ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੀ 14ਵੀਂ ਕਿਸ਼ਤ ਦਾ ਪੈਸਾ ਟਰਾਂਸਫਰ ਕਰਨ ਜਾ ਰਹੀ ਹੈ। ਅਜਿਹੇ 'ਚ ਸਰਕਾਰ ਨੇ ਯੋਜਨਾ ਦੀ 14ਵੀਂ ਕਿਸ਼ਤ ਜਾਰੀ ਕਰਨ ਤੋਂ ਪਹਿਲਾਂ ਯੋਜਨਾ 'ਚ ਕੁਝ ਅਹਿਮ ਬਦਲਾਅ ਕੀਤੇ ਹਨ। ਹੁਣ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਵਿੱਚ ਲਾਭਪਾਤਰੀ ਸਟੇਟਸ ਨੂੰ ਦੇਖਣ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਪ੍ਰਧਾਨ ਮੰਤਰੀ ਕਿਸਾਨ ਮੋਬਾਈਲ ਐਪ ਵੀ ਲਾਂਚ ਕੀਤਾ ਹੈ। ਹੁਣ ਲਾਭਪਾਤਰੀ ਸਟੇਟਸ ਨੂੰ ਦੇਖਣ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਗਿਆ ਹੈ। ਤੁਹਾਨੂੰ ਹੁਣ ਲਾਭਪਾਤਰੀ ਸਥਿਤੀ ਦੀ ਜਾਂਚ ਕਰਨ ਲਈ ਰਜਿਸਟ੍ਰੇਸ਼ਨ ਨੰਬਰ ਦੀ ਲੋੜ ਪਵੇਗੀ। ਇਸ ਦੇ ਨਾਲ ਹੀ ਫਰਜ਼ੀਵਾੜੇ ਨੂੰ ਰੋਕਣ ਦੇ ਉਦੇਸ਼ ਨਾਲ ਕੇਂਦਰੀ ਖੇਤੀਬਾੜੀ ਮੰਤਰਾਲੇ ਨੇ ਪ੍ਰਧਾਨ ਮੰਤਰੀ ਕਿਸਾਨ ਮੋਬਾਈਲ ਐਪ ਵੀ ਲਾਂਚ ਕੀਤਾ ਹੈ। ਇਸ ਐਪ ਦੀ ਖਾਸ ਗੱਲ ਇਹ ਹੈ ਕਿ ਇਹ ਚਿਹਰੇ ਦੀ ਪ੍ਰਮਾਣਿਕਤਾ (ਫੇਸ ਅਥੈਂਟੀਕੇਸ਼ਨ) ਤਕਨੀਕ ਨਾਲ ਲੈਸ ਹੈ। ਇਸ ਐਪ ਦੀ ਮਦਦ ਨਾਲ, ਕਿਸਾਨ ਫੇਸ ਅਥੈਂਟੀਕੇਸ਼ਨ ਦੀ ਮਦਦ ਨਾਲ ਆਸਾਨੀ ਨਾਲ ਆਪਣਾ ਈ-ਕੇਵਾਈਸੀ ਕਰਵਾ ਸਕਦੇ ਹਨ। ਅਜਿਹੇ 'ਚ ਵਨ ਟਾਈਮ ਪਾਸਵਰਡ ਅਤੇ ਫਿੰਗਰਪ੍ਰਿੰਟ ਦੀ ਜ਼ਰੂਰਤ ਨਹੀਂ ਹੋਵੇਗੀ। ਭਾਰਤ ਸਰਕਾਰ ਨੇ ਹੁਣ ਤਕ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੀਆਂ 13 ਕਿਸ਼ਤਾਂ ਜਾਰੀ ਕੀਤੀਆਂ ਹਨ। ਅਜਿਹੇ 'ਚ ਦੇਸ਼ ਭਰ ਦੇ ਕਰੋੜਾਂ ਕਿਸਾਨ ਇਸ ਯੋਜਨਾ ਦੀ 14ਵੀਂ ਕਿਸ਼ਤ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਜੇ ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਭਾਰਤ ਸਰਕਾਰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੀ 14ਵੀਂ ਕਿਸ਼ਤ ਦਾ ਪੈਸਾ 15 ਜੁਲਾਈ ਤੋਂ ਪਹਿਲਾਂ ਟਰਾਂਸਫਰ ਕਰ ਸਕਦੀ ਹੈ। ਹਾਲਾਂਕਿ ਸਰਕਾਰ ਨੇ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਹੈ।

# ਮੈਨੂੰ ਮੰਚ 'ਤੇ ਪ੍ਰਫਾਰਮ ਕਰਨਾ ਪਸੰਦ ਹੈ : ਵਾਣੀ ਕਪੂਰ

ਮੁੰਬਈ - ਅਭਿਨੇਤਰੀ ਵਾਣੀ ਕਪੂਰ ਜਿਸ ਨੇ ਬਿਨਾ ਕਿਸੇ ਕੋਲੋਂ ਸਿੱਖੇ ਆਪਣੇ ਦਮ 'ਤੇ ਡਾਂਸ ਕਰ ਕੇ ਆਪਣਾ ਹੁਨਰ ਦਿਖਾਇਆ ਹੈ, ਜਿਸ ਨੇ 'ਘੁੰਗਰੂ', 'ਨਸ਼ਾ ਸਾ



ਚੜ੍ਹ ਗਇਆ', 'ਉੜੇ ਦਿਲ ਬੇਫਿਕਰੇ' ਵਰਗੇ ਸੁਪਰਹਿੱਟ ਗੀਤਾਂ ਨਾਲ ਬਾਲੀਵੁੱਡ ਦੀਆਂ ਬਿਹਤਰੀਨ ਡਾਂਸਰਾਂ 'ਚੋਂ ਇਕ ਬਣ ਕੇ ਸਾਰਿਆਂ ਦਾ ਦਿਲ ਜਿੱਤ ਲਿਆ ਹੈ। ਫਿਲਹਾਲ ਉਹ ਇਸ ਸਮੇਂ ਆਪਣੇ ਦੋ ਗਲੋਬਲ ਦੌਰਿਆਂ 'ਤੇ ਹੈ। ਇਕ ਤਿੰਨ ਹਫ਼ਤਿਆਂ ਦੀ ਯੂ.ਐੱਸ. ਯਾਤਰਾ ਤੇ ਰਿਤਿਕ ਰੋਸ਼ਨ ਨਾਲ ਆਉਣ ਵਾਲੇ ਯੂ.ਕੇ. ਸੰਗੀਤ ਪ੍ਰੋਗਰਾਮ। ਵਾਣੀ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਤੋਂ ਹੀ ਸਟੇਜ 'ਤੇ ਪ੍ਰਫਾਰਮ ਕਰਨਾ ਪਸੰਦ ਕਰਦੀ ਹੈ। ਅਦਾਕਾਰਾ ਵਾਣੀ ਕਪੂਰ ਵੱਡੇ ਗਲੋਬਲ ਟੂਰ ਤੇ ਸੰਗੀਤ ਸਮਾਗਮਾਂ 'ਚ ਪ੍ਰਦਰਸ਼ਨ ਕਰਨ ਲਈ ਉਤਸੁਕ ਹੈ, ਤਾਂ ਜੋ ਉਹ ਹਿੰਦੀ ਫਿਲਮਾਂ ਦੇ ਗੀਤਾਂ ਨੂੰ ਦੁਨੀਆ ਭਰ ਦੇ ਲੋਕਾਂ ਤੱਕ ਲਿਜਾ ਸਕੇ।

ਸਫ਼ਾ ਇਕ ਦੀ ਬਾਕੀ

# ਆਈਲੈਟਸ ਅਤੇ ਇਮੀਗ੍ਰੇਸ਼ਨਾਂ ਸੈਂਟਰਾਂ 'ਤੇ ਪੁਲਸ ਦੀ ਵੱਡੇ ਪੱਧਰ 'ਤੇ ਛਾਪੇਮਾਰੀ, ਪਈਆਂ ਭਾਜੜਾਂ

ਕਾਰਜਸਾਧਕ ਅਫਸਰ ਦਵਿੰਦਰ ਸਿੰਘ ਤੂਰ ਅਤੇ ਪਟਵਾਰੀ ਨਿਰਮਲ ਸਿੰਘ ਦੀ ਸੁਮੱਚੀ ਟੀਮ ਵੱਲੋਂ ਨਿਹਾਲ ਸਿੰਘ ਵਾਲਾ-ਬਾਘਾ ਪੁਰਾਣਾ ਰੋਡ 'ਤੇ ਵੱਖ-ਵੱਖ ਸ਼ਹਿਰ ਦੀਆਂ ਗਲੀਆਂ ਅੰਦਰ ਚੱਲ ਰਹੇ ਆਈਲੈਟਸ ਅਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਛਾਪੇਮਾਰੀ ਕਰਦਿਆਂ ਕਾਗਜ਼-ਪੱਤਰਾਂ ਦੀ ਪੜਤਾਲ ਕੀਤੀ ਗਈ। ਜ਼ਿਕਰਯੋਗ ਹੈ ਕਿ ਜਿਉਂ ਆਈਲੈਟਸ ਅਤੇ ਇਮੀਗਰੇਸ਼ਨ ਸੈਂਟਰਾਂ ਦੇ ਪ੍ਰਬੰਧਕਾਂ ਨੂੰ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਚੈਕਿੰਗ ਦੀ ਭਿਣਕ ਮਿਲੀ ਤਾਂ ਕੁਝ ਗਿਣਤੀ ਦੇ ਆਈਲੈਟਸ ਸੈਂਟਰਾਂ ਦੇ ਪ੍ਰਬੰਧਕਾਂ ਨੂੰ ਛੱਡ ਕੇ ਵੱਡੀ ਪੱਧਰ 'ਤੇ ਆਈਲੈਟਸ ਸੈਂਟਰਾਂ 'ਚ ਪੜ੍ਹ ਰਹੇ ਬੱਚਿਆਂ ਨੂੰ ਸੈਂਟਰਾਂ ਵੱਲੋਂ ਚੋਰ-ਮੋਰੀਆਂ ਰਾਹੀਂ ਬਾਹਰ ਕੱਢਿਆ ਜਾ ਰਿਹਾ ਸੀ ਅਤੇ ਸੈਂਟਰਾਂ ਨੂੰ ਤਾਲੇ ਲਗਾ ਕੇ ਆਪ ਫੁਰਰ ਹੋ ਰਹੇ ਸਨ।

ਜ਼ਿਕਰਯੋਗ ਹੈ ਕਿ ਕੁਝ ਆਈਲੈਟਸ ਸੈਂਟਰਾਂ ਦੇ ਮੁੱਖ ਕੇਂਦਰ ਕਿਸੇ ਹੋਰ ਸ਼ਹਿਰਾਂ 'ਚ ਸਥਾਪਿਤ ਹਨ ਅਤੇ ਮੰਡੀ ਨਿਹਾਲ ਸਿੰਘ ਵਾਲਾ ਅੰਦਰ ਬ੍ਰਾਚਾਂ ਖੋਲ੍ਹੀਆਂ ਹੋਈਆਂ ਹਨ, ਇਸ ਸਬੰਧੀ ਵੀ ਪ੍ਰਸ਼ਾਸਨ ਵੱਲੋਂ ਆਈਲੈਟਸ ਸੈਂਟਰਾਂ ਦੇ ਪ੍ਰਬੰਧਕਾਂ ਤੋਂ ਪੁੱਛਗਿੱਛ ਕੀਤੀ ਗਈ, ਜਿਸ ਦਾ ਜਵਾਬ ਤਸੱਲੀਬਖਸ਼ ਨਾ ਮਿਲਣ 'ਤੇ ਪ੍ਰਸ਼ਾਸਨ ਵੱਲੋਂ ਸੈਂਟਰ ਅੰਦਰ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਛੁੱਟੀ ਕਰਵਾ ਕੇ ਤੁਰੰਤ ਸੈਂਟਰ ਬੰਦ ਕਰਨ ਦੇ ਆਦੇਸ਼ ਦਿੱਤੇ ਗਏ। ਬਹੁਤ ਸਾਰੇ ਆਈਲੈਟਸ ਸੈਂਟਰਾਂ ਦੇ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਬਣਦੇ ਕਾਗਜ਼-ਪੱਤਰ ਪੂਰੇ ਨਾ ਪਾਏ ਜਾਣ 'ਤੇ ਉਨ੍ਹਾਂ ਨੂੰ ਜਲਦੀ ਪੂਰਾ ਕਰਨ ਦੀ ਅਪੀਲ ਵੀ ਕੀਤੀ ਅਤੇ ਜੇਕਰ ਫਿਰ ਵੀ ਉਕਤ ਸੈਂਟਰ ਸਰਕਾਰ ਦੀਆਂ ਹਦਾਇਤਾਂ 'ਤੇ ਪੂਰੇ ਨਾ ਉਤਰੇ ਤਾਂ ਤੁਰੰਤ ਬਣਦੀ ਕਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ। ਨਿਹਾਲ ਸਿੰਘ ਵਾਲਾ ਅੰਦਰ ਧੜੱਲੇ ਨਾਲ ਚੱਲ ਰਹੇ ਹਨ ਗੈਰ ਕਾਨੂੰਨੀ ਸੈਂਟਰ-ਨਿਹਾਲ ਸਿੰਘ ਵਾਲਾ ਸ਼ਹਿਰ ਅਤੇ ਇਸ ਹਲਕੇ ਦੇ ਕਈ ਪਿੰਡਾਂ ਅੰਦਰ ਵੀ ਗੈਰ ਕਾਨੂੰਨੀ ਢੰਗ ਨਾਲ ਧੜੱਲੇ ਨਾਲ ਆਈਲੈਟਸ ਅਤੇ ਇਮੀਗ੍ਰੇਸ਼ਨਾਂ ਸੈਂਟਰਾਂ ਦੀਆਂ ਬ੍ਰਾਂਚਾਂ ਖੋਲ੍ਹ ਕੇ ਕੰਮ ਨਾਲ ਕੀਤਾ ਜਾ ਰਿਹਾ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪ੍ਰਸ਼ਾਸਨ ਵੱਲੋਂ ਹਲਕੇ ਦੇ ਕੁਝ ਕੁ ਚੋਣਵੇ ਸੈਂਟਰਾਂ ਨੂੰ ਹੀ ਮਨਜ਼ੂਰੀ ਹਾਸਲ ਹੈ। ਜਦੋਂਕਿ ਸੈਂਕੜੇ ਸੈਂਟਰ ਬਗੈਰ ਮਨਜ਼ੂਰੀ ਦੇ ਗੈਰ ਕਾਨੂੰਨੀ ਢੰਗ ਨਾਲ ਚੱਲਦੇ ਹਨ। ਇੱਥੇ ਹੀ ਨਹੀਂ ਕੁਝ ਮਨਜ਼ੂਰਸ਼ਦਾ ਸੈਂਟਰਾਂ ਵਿਚ ਵੀ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂ ਰਹੀ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਸੂਬਾ ਸਰਕਾਰ ਦਾ ਪ੍ਰਸ਼ਾਸਨ ਦੋ-ਚਾਰ ਦਿਨ ਦੀ ਛਾਪੇਮਾਰੀ ਕਰ ਕੇ ਗੋਂਗਲੂਆਂ ਤੋਂ ਮਿੱਟੀ ਝਾੜਨ ਦਾ ਕੰਮ ਕਰੇਗਾ ਜਾਂ ਫਿਰ ਬੱਚਿਆਂ ਦੇ ਭਵਿੱਖ ਪ੍ਰਤੀ ਸੰਜੀਦਾ ਕਦਮ ਉਠਾਏ ਜਾਣਗੇ। ਇਸ ਸਬੰਧੀ ਵੱਖ-ਵੱਖ ਜਨਤਕ ਜਥੇਬੰਦੀਆਂ ਅਤੇ ਪਤਵੰਤਿਆਂ ਦਾ ਕਹਿਣਾ ਸੀ ਕਿ ਪੁਲਸ ਪ੍ਰਸ਼ਾਸਨ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਵਜਾਏ ਸਿਰਫ ਗੋਂਗਲੂਆਂ ਤੋਂ ਮਿੱਟੀ ਝਾੜਨ ਦਾ ਕੰਮ ਹੀ ਕਰ ਰਿਹਾ ਹੈ, ਕਿਉਂਕਿ ਗੈਰ ਕਾਨੂੰਨੀ ਢੰਗ ਨਾਲ ਚੱਲਦੇ ਕਿਸੇ ਸੈਂਟਰ ਖਿਲਾਫ਼ ਕੋਈ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਗਈ।

# ਖਾਲਿਸਤਾਨ ਸਮਰਥਕਾਂ ਦੀ ਰੈਲੀ ਤੋਂ ਪਹਿਲਾਂ ਭਾਰਤ ਦਾ ਸਖਤ ਰੁਖ

ਰਿਪੋਰਟਾਂ ਮੁਤਾਬਕ ਕੈਨੇਡਾ ਵਿੱਚ ਇੱਕ ਖਾਲਿਸਤਾਨ ਪੱਖੀ ਗਰੁੱਪ ਨੇ 8 ਜੁਲਾਈ ਨੂੰ ਟੋਰਾਂਟੋ ਵਿੱਚ ਰੈਲੀ ਬੁਲਾਈ ਹੈ। ਇਸ ਸਬੰਧੀ ਤਿਆਰ ਕੀਤੇ ਗਏ ਪੋਸਟਰ ਵਿੱਚ ਭਾਰਤੀ ਡਿਪਲੋਮੈਟਾਂ ਦੀਆਂ ਤਸਵੀਰਾਂ ਸਨ ਅਤੇ ਉਨ੍ਹਾਂ ਦੇ ਫੋਨ ਨੰਬਰ ਵੀ ਦਰਜ ਸਨ।

ਵਿਦੇਸ ਮੰਤਰੀ ਨੇ ਕਿਹਾ, "ਸਾਡੇ ਭਾਈਵਾਲ ਦੇਸ਼ ਜਿਵੇਂ ਕੈਨੇਡਾ, ਅਮਰੀਕਾ, ਯੂਕੇ, ਆਸਟ੍ਰੇਲੀਆ ਵਰਗੇ ਭਾਈਵਾਲ ਦੇਸ ਹਨ, ਜਿੱਥੇ ਕਈ ਵਾਰ ਖਾਲਿਸਤਾਨੀ ਗਤੀਵਿਧੀਆਂ ਹੁੰਦੀਆਂ ਹਨ। ਅਸੀਂ ਉਨ੍ਹਾਂ ਨੂੰ ਖਾਲਿਸਤਾਨੀਆਂ ਨੂੰ ਜਗ੍ਹਾ ਨਾ ਦੇਣ ਦੀ ਬੇਨਤੀ ਕੀਤੀ ਹੈ।"

ਵਿਦੇਸ ਮੰਤਰੀ ਜੈਸੰਕਰ ਨੇ ਕਿਹਾ ਕਿ ਅਜਿਹੀ ਵਿਚਾਰਧਾਰਾ ਕਿਸੇ ਵੀ ਦੇਸ ਜਾਂ ਆਪਸੀ ਸਬੰਧਾਂ ਲਈ ਚੰਗੀ ਨਹੀਂ ਹੈ।

ਉਨ੍ਹਾਂ ਕਿਹਾ, "ਉਨ੍ਹਾਂ ਦੀ ਸੋਚ ਜੋ ਵੀ ਹੋਵੇ, ਪਰ ਜੋ ਕੱਟੜਪੰਥੀ ਵਿਚਾਰਧਾਰਾ ਹੈ, ਉਹ ਨਾ ਤਾਂ ਸਾਡੇ ਲਈ ਚੰਗੀ ਹੈ, ਨਾ ਉਨ੍ਹਾਂ ਲਈ ਅਤੇ ਨਾ ਹੀ ਸਾਡੇ ਰਿਸਤਿਆਂ ਲਈ।"

ਜ਼ਿ?ਕਰਯੋਗ ਹੈ ਕਿ ਇਸ ਸਾਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਤਿੰਨ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਵਿੱਚ ਖਾਲਿਸਤਾਨ ਪੱਖੀ ਸਮੂਹਾਂ ਨੇ ਜਨਤਕ ਤੌਰ 'ਤੇ ਗਤੀਵਿਧੀਆਂ ਕੀਤੀਆਂ ਹਨ।

ਪੋਸਟਰ ਵਿੱਚ ਇਹ ਇਲਜਾਮ ਲਗਾਇਆ ਗਿਆ ਹੈ ਕਿ ਇਹ ਡਿਪਲੋਮੈਟ 'ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਲਈ ਜ਼ਿ?ਮੇਵਾਰ ਹਨ'।

45 ਸਾਲਾ ਨਿੱਝਰ ਦਾ ਬੀਤੇ ਮਹੀਨੇ ਕੈਨੇਡਾ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਇਸ ਪੋਸਟਰ ਦੇ ਸਾਹਮਣੇ ਆਉਣ 'ਤੇ ਕੈਨੇਡਾ 'ਚ ਰਹਿੰਦੇ ਕਈ ਭਾਰਤੀ ਮੂਲ ਦੇ ਲੋਕਾਂ ਨੇ ਆਪਣੀ ਨਾਰਾਜਗੀ ਜਾਹਰ ਕੀਤੀ ਸੀ।

ਪੋਸਟਰ ਵਿੱਚ ਇਹ ਇਲਜਾਮ ਲਗਾਇਆ ਗਿਆ ਹੈ ਕਿ ਇਹ ਡਿਪਲੋਮੈਟ 'ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਲਈ ਜ਼ਿ?ਮੇਵਾਰ ਹਨ'।

45 ਸਾਲਾ ਨਿੱਝਰ ਦਾ ਬੀਤੇ ਮਹੀਨੇ ਕੈਨੇਡਾ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਇਸ ਪੋਸਟਰ ਦੇ ਸਾਹਮਣੇ ਆਉਣ 'ਤੇ ਕੈਨੇਡਾ 'ਚ ਰਹਿੰਦੇ ਕਈ ਭਾਰਤੀ ਮੂਲ ਦੇ ਲੋਕਾਂ ਨੇ ਆਪਣੀ ਨਾਰਾਜਗੀ ਜਾਹਰ ਕੀਤੀ ਸੀ।

ਇਹ ਪਹਿਲੀ ਵਾਰ ਨਹੀਂ ਜਦੋਂ ਕੈਨੇਡਾ ਵਿੱਚ ਕੋਈ ਖਾਲਿਸਤਾਨ ਪੱਖੀ ਗਤੀਵਿਧੀ ਹੋਈ ਹੋਵੇ ਤੇ ਭਾਰਤ ਨੇ ਉਸ 'ਤੇ ਆਪਣਾ ਪ੍ਰਤੀਕਰਮ ਦਿੱਤਾ ਹੋਵੇ।

ਜਾਣਦੇ ਹਾਂ ਹਾਲ ਵਿੱਚ ਵਾਪਰੀਆ ਉਨ੍ਹਾਂ ਘਟਨਾਵਾਂ ਬਾਰੇ ਜਿਨ੍ਹਾਂ ਤੋਂ ਬਾਅਦ ਕੈਨੇਡਾ ਵਸਦਾ ਭਾਰਤੀ ਭਾਈਚਾਰਾ ਵੀ ਦੋ-ਰਾਇ ਰੱਖਣ ਲੱਗਿਆ।

ਆਖ਼ਿ?ਰ ਅਜਿਹੀਆਂ ਗਤੀਵਿਧੀਆਂ ਨੂੰ ਕੈਨੇਡਾ ਵਿੱਚ ਥਾਂ ਕਿਵੇਂ ਮਿਲਦੀ ਹੈ।



## ਪਹਿਲੀ ਸੱਤਾ ਦੌਰਾਨ ਵੀ ਸੀ ਬਿਊਟੀ ਸੈਲੂਨ 'ਤੇ ਪਾਬੰਦੀ

ਅੰਤਰ-ਰਾਸ਼ਟਰੀ ਪੱਧਰ 'ਤੇ ਤਾਲਿਬਾਨ ਵੱਲੋਂ ਲਗਾਈਆਂ ਜਾ ਰਹੀਆਂ ਅਜਿਹੀਆਂ ਪਾਬੰਦੀਆਂ ਦੀ ਸਖ਼ਤ ਨਿੰਦਾ ਹੋ ਰਹੀ ਹੈ ਅਤੇ ਸਮਾਜਿਕ ਕਾਰਕੁਨ ਵੀ ਉਨ੍ਹਾਂ ਦਾ ਵਿਰੋਧ ਕਰ ਰਹੇ ਹਨ, ਪਰ ਤਾਲਿਬਾਨ ਦੇ ਅਜਿਹੇ ਫ਼ਰਮਾਨ ਆਉਣਾ ਅਜੇ ਵੀ ਜਾਰੀ ਹੈ।

ਜਦੋਂ ਤਾਲਿਬਾਨ 1996 ਅਤੇ 2001 ਦੇ ਵਿਚਕਾਰ ਸੱਤਾ ਵਿੱਚ ਆਇਆ ਸੀ, ਉਸ ਵੇਲੇ ਵੀ ਇਸ ਨੇ ਅਜਿਹੀਆਂ ਹੀ ਪਾਬੰਦੀਆਂ ਲਾਗੂ ਕੀਤੀਆਂ ਸਨ ਅਤੇ ਉਨ੍ਹਾਂ ਵਿਚਕਾਰ ਬਿਊਟੀ ਸੈਲੂਨ ਬੰਦ ਕਰਨਾ ਵੀ ਇੱਕ ਅਹਿਮ ਗੱਲ ਸੀ।

ਫਿਰ ਜਦੋਂ 2001 ਵਿੱਚ ਅਫਗਾਨਿਸਤਾਨ 'ਚ ਅਮਰੀਕਾ ਨੇ ਆਪਣੀ ਫੌਜੀ ਕਾਰਵਾਈ ਸ਼ੁਰੂ ਕਰ ਦਿੱਤੀ ਤਾਂ ਇਹ ਸੈਲੂਨ ਮੁੜ ਖੁੱਲ੍ਹਣੇ ਸ਼ੁਰੂ ਹੋ ਗਏ ਸਨ।

ਪਰ ਹੁਣ ਇੱਕ ਵਾਰ ਫਿਰ ਤੋਂ ਇਹ ਬੰਦ ਕਰਨੇ ਪੈਣਗੇ।

# ਅਫਗਾਨਿਸਤਾਨ: ਸੈਲੂਨ ਬੰਦ ਕਰਨ, ਦਾਹੜੀ ਕੱਟਣ 'ਤੇ ਪਾਬੰਦੀ ਸਣੇ ਤਾਲਿਬਾਨ ਨੇ ਲਾਈਆਂ 7 ਪਾਬੰਦੀਆਂ

ਤਾਲਿਬਾਨ ਦੇ ਆਉਣ ਤੋਂ ਬਾਅਦ ਅਫਗਾਨਿਸਤਾਨ ਵਿੱਚ ਔਰਤਾਂ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।

ਤਾਜ਼ਾ ਜਾਣਕਾਰੀ ਮੁਤਾਬਕ, ਹੁਣ ਤਾਲਿਬਾਨ ਨੇ ਅਫਗਾਨਿਸਤਾਨ ਵਿੱਚ ਹੇਅਰ ਅਤੇ ਬਿਊਟੀ ਸੈਲੂਨ ਨੂੰ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਵਾਈਸ ਐਂਡ ਵਰਚੂ ਮੰਤਰਾਲੇ ਦੇ ਬੁਲਾਰੇ ਨੇ ਬੀਬੀਸੀ ਨੂੰ ਦੱਸਿਆ ਕਿ ਹੁਕਮਾਂ ਦੀ ਪਾਲਣਾ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਹ ਹੁਕਮ ਸਭ ਤੋਂ ਪਹਿਲਾਂ ਲੰਘੀ 2 ਜੁਲਾਈ ਨੂੰ ਜਾਰੀ ਕੀਤਾ ਗਿਆ ਅਤੇ 1 ਮਹੀਨੇ ਦੀ ਮਿਆਦ ਵੀ ਇਸੇ ਦਿਨ ਤੋਂ ਸ਼ੁਰੂ ਹੋ ਗਈ।

ਸਾਲ 2021 ਵਿੱਚ ਤਾਲਿਬਾਨ ਦੀ ਸੱਤਾ 'ਚ ਵਾਪਸੀ ਤੋਂ ਬਾਅਦ, ਦੇਸ਼ 'ਚ ਮਹਿਲਾਵਾਂ ਦੀ ਆਜਾਦੀ ਦਾ ਦਾਇਰਾ ਲਗਾਤਾਰ ਘਟ ਰਿਹਾ ਹੈ।

ਤਾਲਿਬਾਨ ਨੇ ਨੌਜਵਾਨ ਕੁੜੀਆਂ ਅਤੇ ਮਹਿਲਾਵਾਂ ਨੂੰ ਕਲਾਸਾਂ, ਜਿੰਮਾਂ ਅਤੇ ਪਾਰਕਾਂ ਵਿੱਚ ਜਾਣ ਤੋਂ ਰੋਕ ਦਿੱਤਾ ਹੈ।

**'ਤਾਲਿਬਾਨ ਅਫਗਾਨ ਔਰਤਾਂ ਦੇ ਬੁਨਿਆਦੀ ਅਧਿਕਾਰ ਖੋਹ ਰਹੇ'**

ਇਸ ਨਵੀਂ ਪਾਬੰਦੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇੱਕ ਅਫਗਾਨ ਮਹਿਲਾ ਨੇ ਆਪਣਾ ਨਾਮ ਨਾ ਦੱਸਣ ਦੀ ਸ਼ਰਤ 'ਤੇ ਬੀਬੀਸੀ ਨੂੰ ਕਿਹਾ ਕਿ "ਤਾਲਿਬਾਨ ਅਫਗਾਨ ਔਰਤਾਂ ਦੇ ਸਭ ਤੋਂ ਬੁਨਿਆਦੀ ਮਨੁੱਖੀ ਅਧਿਕਾਰ ਖੋਹ ਰਹੇ ਹਨ।"

"ਉਹ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ। ਇਸ ਫੈਸਲੇ ਨਾਲ, ਉਹ ਹੁਣ ਔਰਤਾਂ ਨੂੰ ਦੂਜੀਆਂ ਔਰਤਾਂ ਦੀ ਸੇਵਾ ਕਰਨ ਤੋਂ ਵਾਂਝੇ ਕਰ ਰਹੇ ਹਨ। ਜਦੋਂ ਮੈਂ ਇਹ ਖ਼ਬਰ ਸੁਣੀ ਤਾਂ ਮੈਂ ਪੂਰੀ ਤਰ੍ਹਾਂ ਹੈਰਾਨ ਰਹਿ ਗਈ।"

"ਇੰਝ ਜਾਪਦਾ ਹੈ ਜਿਵੇਂ ਤਾਲਿਬਾਨ ਕੋਲ ਮਹਿਲਾਵਾਂ ਦੇ ਸਰੀਰਾਂ 'ਤੇ ਧਿਆਨ ਕੇਂਦਰਿਤ ਕਰਨ ਤੋਂ ਇਲਾਵਾ ਹੋਰ ਕੋਈ ਸਿਆਸੀ ਯੋਜਨਾ ਨਹੀਂ ਹੈ। ਉਹ ਜਨਤਕ ਜੀਵਨ ਦੇ ਹਰ ਪੱਧਰ 'ਤੇ ਔਰਤਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।"

ਅਮਰੀਕੀ ਫੌਜਾਂ ਦੀ ਵਾਪਸੀ ਤੋਂ ਬਾਅਦ, ਦੋ ਸਾਲ ਪਹਿਲਾਂ ਤਾਲਿਬਾਨ ਦੇ ਸੱਤਾ 'ਤੇ ਕਾਬਜ ਹੋਣ ਤੋਂ ਬਾਅਦ ਵੀ ਅਫਗਾਨਿਸਤਾਨ ਦੇ ਬਿਊਟੀ ਸੈਲੂਨ ਖੁੱਲ੍ਹੇ ਰਹੇ ਸਨ।

ਹਾਲਾਂਕਿ, ਦੁਕਾਨਾਂ ਦੀਆਂ ਖਿੜਕੀਆਂ ਨੂੰ ਅਕਸਰ ਢਕ ਕੇ ਰੱਖਿਆ ਜਾਂਦਾ ਸੀ ਅਤੇ ਸੈਲੂਨ ਦੇ ਬਾਹਰ ਔਰਤਾਂ ਦੀਆਂ ਤਸਵੀਰਾਂ 'ਤੇ ਸਪਰੇਅ ਪੇਂਟ ਕਰ ਦਿੱਤਾ ਜਾਂਦਾ ਸੀ, ਤਾਂ ਜੋ ਉਨ੍ਹਾਂ ਦੇ ਚਿਹਰੇ ਛਿਪਾਏ ਜਾ ਸਕਣ।

## ਤਾਲਿਬਾਨ ਦੇ ਰਾਜ 'ਚ ਕਿਸ-ਕਿਸ ਚੀਜ਼ 'ਤੇ ਪਾਬੰਦੀ

- ਬਿਊਟੀ ਸੈਲੂਨ 'ਤੇ ਪਾਬੰਦੀ
- ਅਣਜਾਣ ਔਰਤਾਂ-ਮਰਦਾਂ ਵਿਚਕਾਰ ਗੱਲਬਾਤ ਮਨ੍ਹਾ
- ਔਰਤਾਂ ਨੂੰ ਇੱਕਲੇ ਬਾਹਰ ਜਾਣਾ ਮਨ੍ਹਾ ਹੈ
- ਆਦਮੀਆਂ ਨੂੰ ਦਾੜ੍ਹੀ ਕੱਟਣ 'ਤੇ ਪਾਬੰਦੀ
- ਸੰਗੀਤ ਅਤੇ ਨਾਚ-ਗਾਣੇ 'ਤੇ ਪਾਬੰਦੀ
- ਮਹਿਲਾਵਾਂ ਤੇ ਕੁੜੀਆਂ ਦੀ ਸਿੱਖਿਆ 'ਤੇ ਰੋਕ
- ਮਹਿਲਾਵਾਂ 'ਤੇ ਕਈ ਤਰ੍ਹਾਂ ਦੇ ਕੰਮ ਕਰਨ ਦੀ ਪਾਬੰਦੀ



ਤਾਲਿਬਾਨ ਸਰਕਾਰ ਨੇ ਇਹ ਨਹੀਂ ਦੱਸਿਆ ਹੈ ਕਿ ਇਹ ਪਾਬੰਦੀ ਕਿਸ ਕਾਰਨ ਲੱਗੀ, ਜਾਂ ਸੈਲੂਨ ਬੰਦ ਹੋਣ ਤੋਂ ਬਾਅਦ ਔਰਤਾਂ ਲਈ ਕਿਹੜੇ ਬਦਲ - ਜੇ ਕੋਈ ਹਨ - ਉਪਲੱਬਧ ਹੋਣਗੇ।

ਇੱਕ ਹੋਰ ਅਫਗਾਨ ਮਹਿਲਾ, ਜਿਨ੍ਹਾਂ ਨੇ ਵੀ ਆਪਣਾ ਨਾਮ ਨਾ ਛਾਪਣ ਲਈ ਕਿਹਾ, ਨੇ ਦੱਸਿਆ ਕਿ ਉਨ੍ਹਾਂ ਦੀਆਂ ਸਹੇਲੀਆਂ ਨੇ ਕਾਬੁਲ ਅਤੇ ਹੋਰ ਥਾਵਾਂ 'ਤੇ ਹੇਅਰ ਸੈਲੂਨ ਬੰਦ ਕਰਨ ਦੀ ਪੁਸਟੀ ਕੀਤੀ ਹੈ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਇਹ ਅਫਗਾਨ ਔਰਤਾਂ ਲਈ ਵਧੇਰੇ ਹੈਰਾਨ ਕਰਨ ਵਾਲੀ ਖਬਰ ਹੈ। ਮੈਂ ਬਾਹਰ ਗਈ ਅਤੇ ਦੇਖਿਆ ਕਿ ਮੇਰੇ ਇਲਾਕੇ ਦੇ ਸਾਰੇ ਸੈਲੂਨ ਬੰਦ ਸਨ।"

**ਜਦੋਂ ਤਾਲਿਬਾਨ ਦੇ ਡਰ ਤੋਂ ਲੁਕੇ ਮੇਕਅਪ ਆਰਟਿਸਟ**

ਜਦੋਂ 2021 'ਚ ਤਾਲਿਬਾਨ ਨੇ ਅਫਗਾਨਿਸਤਾਨ ਦੀ ਸੱਤਾ 'ਚ ਵਾਪਸੀ ਕੀਤੀ ਤਾਂ ਦੇਸ਼ ਭਰ 'ਚ ਸੈਲੂਨ ਆਦਿ ਚਲਾਉਣ ਵਾਲਿਆਂ ਨੇ ਡਰ ਦੇ ਮਾਰੇ ਆਪਣੇ ਸੈਲੂਨ ਬੰਦ ਕਰ ਦਿੱਤੇ।

ਕਈ ਮੇਕਅਪ ਕਲਾਕਾਰ ਅਜਿਹੇ ਵੀ ਸਨ ਜੋ ਡਰ ਕਾਰਨ ਲੁਕ ਗਏ ਸਨ।

ਬਿਊਟੀ ਪਾਰਲਰਾਂ ਦੀਆਂ ਖਿੜਕੀਆਂ-ਦਰਵਾਜ਼ਿਆਂ 'ਤੇ ਲੱਗਿਆਂ ਮਹਿਲਾਵਾਂ ਦੀਆਂ ਤਸਵੀਰਾਂ ਨੂੰ ਢਕ ਦਿੱਤਾ ਗਿਆ ਸੀ। ਕਈਆਂ 'ਤੇ ਪੇਂਟ ਫੇਰ ਦਿੱਤਾ ਗਿਆ ਸੀ ਤਾਂ ਜੋ ਉਨ੍ਹਾਂ ਮਾਡਲਾਂ ਵੱਲ ਤਾਲਿਬਾਨ ਦਾ ਧਿਆਨ ਨਾ ਜਾਵੇ।

**ਔਰਤਾਂ ਤੇ ਮਰਦਾਂ ਵਿਚਕਾਰ ਗੱਲਬਾਤ 'ਤੇ ਪਾਬੰਦੀ**

ਤਾਲਿਬਾਨ ਨੇ ਮੁੜ ਸੱਤਾ 'ਤੇ ਕਬਜ਼ੇ ਤੋਂ ਬਾਅਦ ਅਣਜਾਣ ਮਹਿਲਾਵਾਂ ਅਤੇ ਪੁਰਸ਼ਾਂ ਵਿਚਕਾਰ ਗੱਲਬਾਤ 'ਤੇ ਪਾਬੰਦੀ ਲਗਾ ਦਿੱਤੀ ਸੀ।

ਜਿਸ ਦਾ ਮਤਲਬ ਇਹ ਹੈ ਕਿ ਪਹਿਲਾਂ ਵੱਖ-ਵੱਖ ਅਦਾਰਿਆਂ, ਕੰਮ-ਕਾਜ ਆਦਿ ਲਈ ਜੋ ਪੁਰਸ਼ ਅਤੇ ਔਰਤਾਂ ਆਪਸ ਵਿੱਚ ਗੱਲਬਾਤ ਕਰ ਸਕਦੇ ਸਨ, ਹੁਣ ਉਨ੍ਹਾਂ ਨੂੰ ਇਸ ਤਰ੍ਹਾਂ ਨਾਲ ਗੱਲਬਾਤ ਦੀ ਇਜਾਜ਼ਤ ਨਹੀਂ ਹੈ।

**ਔਰਤਾਂ ਦੇ ਇੱਕਲੇ ਬਾਹਰ ਜਾਣ 'ਤੇ ਮਨਾਹੀ**

ਤਾਲਿਬਾਨ ਨੇ ਮਹਿਲਾਵਾਂ ਨੂੰ ਲੈ ਕੇ ਹੁਕਮ ਜਾਰੀ ਕੀਤਾ ਹੋਇਆ ਹੈ ਕਿ ਕੋਈ ਵੀ ਮਹਿਲਾ ਇੱਕਲੇ ਬਾਹਰ ਨਹੀਂ ਜਾ ਸਕਦੀ। ਉਸ ਦੇ ਨਾਲ ਕੋਈ ਨਾ ਕੋਈ ਪੁਰਸ਼ ਜ਼ਰੂਰ ਹੋਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਜੇਕਰ ਉਹ 72 ਕਿਲੋ ਮੀਟਰ ਤੋਂ ਵੱਧ ਸਫਰ ਕਰ ਰਹੀਆਂ ਹਨ ਤਾਂ ਉਨ੍ਹਾਂ ਦੇ ਨਾਲ ਇੱਕ ਪੁਰਸ ਰਿਸਤੇਦਾਰ ਦਾ ਹੋਣਾ ਲਾਜ਼ਮੀ ਹੈ।

ਇਸ ਦੇ ਨਾਲ ਹੀ ਬਾਹਰ ਨਿਕਲਣ ਦੌਰਾਨ ਇਹ ਲਾਜ਼ਮੀ ਹੈ ਕਿ ਮਹਿਲਾਵਾਂ ਸਰੀਰ ਨੂੰ ਪੂਰੀ ਤਰ੍ਹਾਂ ਢਕਣ ਵਾਲਾ ਬੁਰਕਾ ਪਹਿਨਣ।

ਤਾਲਿਬਾਨ ਨੇ ਕਿਹਾ ਹੈ ਕਿ ਮਹਿਲਾਵਾਂ ਨੂੰ ਅਜਿਹੇ ਕੱਪੜੇ ਪਹਿਨਣੇ ਚਾਹੀਦੇ ਹਨ ਜਿਨ੍ਹਾਂ ਵਿੱਚੋਂ ਸਿਰਫ਼ ਉਨ੍ਹਾਂ ਦੀਆਂ ਅੱਖਾਂ ਨਜ਼ਰ ਆਉਣ।

ਇਸ ਦੇ ਨਾਲ ਹੀ ਉਨ੍ਹਾਂ ਗੱਡੀਆਂ ਦੇ ਮਾਲਕਾਂ ਨੂੰ ਕਿਹਾ ਹੈ ਕਿ ਜਿਨ੍ਹਾਂ ਮਹਿਲਾਵਾਂ ਨੇ ਵੀ ਹਿਜਾਬ ਨਾ ਪਹਿਨਿਆ ਹੋਵੇ, ਉਨ੍ਹਾਂ ਨੂੰ ਗੱਡੀ 'ਚ ਨਾ ਬਿਠਾਇਆ ਜਾਵੇ।

**ਆਦਮੀਆਂ ਦੇ ਦਾੜ੍ਹੀ ਕੱਟਣ 'ਤੇ ਪਾਬੰਦੀ**

ਹਾਲਾਂਕਿ, ਤਾਲਿਬਾਨ ਦੀਆਂ ਵਧੇਰੇ ਪਾਬੰਦੀਆਂ ਔਰਤਾਂ ਦੇ ਖ਼ਿਲਾਫ਼ ਹੀ ਹਨ ਪਰ ਉਨ੍ਹਾਂ ਨੇ ਮਰਦਾਂ 'ਤੇ ਵੀ ਕੁਝ ਪਾਬੰਦੀਆਂ ਲਗਾਈਆਂ ਹਨ, ਜਿਨ੍ਹਾਂ ਵਿੱਚ ਇੱਕ ਹੈ ਦਾੜ੍ਹੀ ਕੱਟਣ ਦੀ ਪਾਬੰਦੀ।

ਤਾਲਿਬਾਨ ਮੁਤਾਬਕ, ਪੁਰਸ਼ਾਂ ਦੁਆਰਾ ਦਾੜ੍ਹੀ ਕੱਟਣਾ ਇਸਲਾਮ ਦੇ ਖ਼ਿਲਾਫ਼ ਹੈ।

ਇਸ ਦੇ ਨਾਲ ਹੀ ਨਾਈ ਹੁਣ ਵਿਦੇਸ਼ੀ ਤਰੀਕੇ ਨਾਲ ਵਾਲ ਨਹੀਂ ਕੱਟ ਸਕਦੇ, ਜੋ ਕਿ ਪਾਸਿਆਂ ਤੋਂ ਅਤੇ ਪਿਛਲੇ ਪਾਸਿਓਂ ਛੋਟੇ ਹੁੰਦੇ ਹਨ।

**ਸੰਗੀਤ ਅਤੇ ਨਾਚ-ਗਾਣੇ 'ਤੇ ਪਾਬੰਦੀ**

ਦੇਸ਼ 'ਚ ਹੁਣ ਸੰਗੀਤ ਅਤੇ ਨਾਚ-ਗਾਣੇ 'ਤੇ ਵੀ ਪਾਬੰਦੀ ਹੈ।

2021 ਵਿੱਚ ਬੀਬੀਸੀ ਨਾਲ ਗੱਲ ਕਰਦਿਆਂ ਟੈਕਸੀ ਚਲਾਉਣ ਵਾਲੇ ਆਸਿਫ਼ ਅਹਾਦੀ ਨੇ ਦੱਸਿਆ ਸੀ ਕਿ "ਪਹਿਲਾਂ ਲੋਕ ਹਰ ਸ਼ੁਕਰਵਾਰ ਨੂੰ ਪਾਰਟੀ ਕਰਦੇ ਸਨ, ਸੰਗੀਤ ਸੁਣਦੇ ਸਨ ਅਤੇ ਨੱਚਦੇ ਸਨ, ਪਰ ਹੁਣ ਇਸ ਸਭ ਉੱਪਰ ਪੂਰੀ ਤਰ੍ਹਾਂ ਨਾਲ ਪਾਬੰਦੀ ਹੈ।"

ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਹੁਣ ਲੋਕ ਆਪਣੀਆਂ ਗੱਡੀਆਂ ਵਿੱਚ ਸੰਗੀਤ ਨਾ ਵਜਾਉਣ।

ਇਸ ਤੋਂ ਪਹਿਲਾਂ ਤਾਲਿਬਾਨ ਨੇ ਟੀਵੀ ਚੈਨਲਾਂ ਨੂੰ ਹਦਾਇਤਾਂ ਜਾਰੀ ਕਰਕੇ ਕਿਹਾ ਸੀ ਕਿ ਉਹ ਅਜਿਹੇ ਸੀਰੀਅਲ ਅਤੇ ਨਾਟਕ, ਜਿਨ੍ਹਾਂ ਵਿੱਚ ਕਿਸੇ ਮਹਿਲਾ ਨੇ ਅਭਿਨੈ ਕੀਤਾ ਹੋਵੇ, ਨੂੰ ਆਪਣੇ ਚੈਨਲਾਂ 'ਤੇ ਦਿਖਾਉਣਾ ਬੰਦ ਕਰ ਦੇਣਾ।

ਟੀਵੀ ਪੱਤਰਕਾਰਾਂ ਨੂੰ ਵੀ ਕਿਹਾ ਗਿਆ ਸੀ ਕਿ ਉਹ ਬਿਨਾਂ ਹਿਜਾਬ ਪਹਿਨੇ ਪ੍ਰੋਗਰਾਮ ਪੇਸ਼ ਨਹੀਂ ਕਰ ਸਕਦੀਆਂ।

**ਕੁੜੀਆਂ ਦੀ ਸਿੱਖਿਆ 'ਤੇ ਪਾਬੰਦੀ**

1996-2001 ਵਿੱਚ ਆਪਣੇ ਸਾਸਨ ਦੌਰਾਨ ਤਾਲਿਬਾਨ ਨੇ ਔਰਤਾਂ ਅਤੇ ਬੱਚੀਆਂ ਦੀ ਸਿੱਖਿਆ ਉਪਰ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ। ਸਿਹਤ ਸੁਵਿਧਾਵਾਂ ਉੱਪਰ ਵੀ ਔਰਤਾਂ ਲਈ ਅੰਸ਼ਿਕ ਤੌਰ 'ਤੇ ਪਾਬੰਦੀ ਸੀ।

ਤਾਲਿਬਾਨ ਦੇ ਜਾਣ ਤੋਂ ਬਾਅਦ ਔਰਤਾਂ ਨੇ ਜਨਤਕ ਥਾਵਾਂ ਉੱਤੇ ਆਪਣੀ ਮੌਜੂਦਗੀ ਦਰਜ ਕਰਵਾਈ।

ਸਤੰਬਰ 2021 ਵਿੱਚ ਤਾਲਿਬਾਨ ਨੇ ਕੁੜੀਆਂ ਦੇ ਸੈਕੇਂਡਰੀ ਸਕੂਲ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ। ਫਿਰ ਦਸੰਬਰ ਵਿੱਚ ਉਨ੍ਹਾਂ ਨੇ ਮਹਿਲਾਵਾਂ ਦੇ ਯੂਨੀਵਰਸਿਟੀ 'ਚ ਪੜ੍ਹਨ 'ਤੇ ਰੋਕ ਲਗਾ ਦਿੱਤੀ।

ਇਸ ਦੇ ਲਈ ਤਾਲਿਬਾਨ ਦਾ ਕਹਿਣਾ ਸੀ ਕਿ ਮਹਿਲਾ ਅਧਿਆਪਿਕਾਵਾਂ ਦੀ ਘਾਟ ਹੈ ਅਤੇ ਮੁੰਡੇ-ਕੁੜੀਆਂ ਦੀ ਵੱਖਰੀ ਪੜ੍ਹਾਈ ਦੇ ਇੰਤਜ਼ਾਮ ਵੀ ਘੱਟ ਹਨ।

